# ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ

## ਭੂਮਿਕਾ

1.1 ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ (ਨਿਯਮਾਵਲੀ) ਜੁਰਮਾਂ ਦੇ ਮੁਕੱਦਮਾ ਚਲਾਉਣ ਦੇ ਕਾਨੂੰਨ (Prosecution of Offences Act) 1985 ਦੇ ਸੈਕਸ਼ਨ 10 ਅਧੀਨ ਡਾਇਰੈਕਟਰ ਆਫ ਪਬਲਿਕ ਪ੍ਰੌਸੀਕਿਊਸ਼ਨਸ (DPP) ਦੇ ਦੁਆਰਾ ਜਾਰੀ ਕੀਤੀ ਜਾਂਦੀ ਹੈ। ਇਹ ਨਿਯਮਾਵਲੀ ਦਾ ਸੱਤਵਾਂ ਪ੍ਰਕਾਸ਼ਨ ਹੈ ਅਤੇ ਇਹ ਪਹਿਲੇ ਸਾਰੇ ਸੰਸਕਰਣਾਂ ਦੀ ਥਾਂ ਲੈਂਦੀ ਹੈ।

1.2 DPP, ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ (CPS) ਦਾ ਮੁਖੀ ਹੁੰਦਾ ਹੈ, ਜੋ ਕਿ ਇੰਗਲੈਂਡ ਅਤੇ ਵੇਲਜ਼ ਲਈ ਜਨਤਕ ਮੁਕੱਦਮਾ ਚਲਾਉਣ ਵਾਲੀ ਪ੍ਰਮੁੱਖ ਸੇਵਾ ਹੈ। DPP, ਅਟਾਰਨੀ ਜਨਰਲ ਜੋ ਕਿ CPS ਦੇ ਕੰਮ ਲਈ ਪਾਰਲੀਮੈਂਟ ਨੂੰ ਜਵਾਬਦੇਹ ਹੁੰਦਾ ਹੈ, ਦੀ ਨਿਗਰਾਨੀ ਹੇਠ ਸੁਤੰਤਰ ਰੂਪ ਵਿੱਚ ਕੰਮ ਕਰਦਾ ਹੈ।

1.3 ਨਿਯਮਾਵਲੀ ਪ੍ਰੌਸੀਕਿਊਟਰਾਂ ਨੂੰ ਮੁਕੱਦਮਾ ਚਲਾਉਣ ਬਾਰੇ ਫੈਸਲੇ ਲੈਣ ਸਮੇਂ ਲਾਗੂ ਕੀਤੇ ਜਾਣ ਵਾਲੇ ਆਮ ਸਿਧਾਂਤਾਂ ਬਾਰੇ ਸੇਧ ਦਿੰਦੀ ਹੈ। ਨਿਯਮਾਵਲੀ ਮੁੱਖ ਤੌਰ ਤੇ CPS ਵਿਚਲੇ ਪ੍ਰੌਸੀਕਿਊਟਰਾਂ ਦੇ ਲਈ ਜਾਰੀ ਕੀਤੀ ਜਾਂਦੀ ਹੈ, ਪਰ ਦੂਜੇ ਪ੍ਰੌਸੀਕਿਊਟਰ ਜਾਂ ਤਾਂ ਦਸਤੂਰ ਦੇ ਕਰਕੇ ਜਾਂ ਇਸ ਕਰਕੇ ਕਿ ਉਹਨਾਂ ਨੂੰ ਕਾਨੂੰਨੀ ਤੌਰ ਤੇ ਅਜਿਹਾ ਕਰਨ ਦੀ ਲੋੜ ਹੁੰਦੀ ਹੈ, ਨਿਯਮਾਵਲੀ ਦੀ ਪਾਲਣਾ ਕਰਦੇ ਹਨ।

1.4 ਇਸ ਨਿਯਮਾਵਲੀ ਵਿੱਚ, "ਸ਼ੱਕੀ ਵਿਅਕਤੀ" ਸ਼ਬਦ ਦੀ ਵਰਤੋਂ ਉਸ ਵਿਅਕਤੀ ਦਾ ਵਰਣਨ ਕਰਨ ਲਈ ਕੀਤੀ ਗਈ ਹੈ ਜਿਸ ਤੇ ਅਜੇ ਰਸਮੀ ਫੌਜਦਾਰੀ ਪ੍ਰਕਿਰਿਆਵਾਂ ਸ਼ੁਰੂ ਨਹੀਂ ਕੀਤੀਆਂ ਗਈਆਂ ਹਨ; "ਮੁਦਾਲਾ" ਸ਼ਬਦ ਦੀ ਵਰਤੋਂ ਉਸ ਵਿਅਕਤੀ ਦਾ ਵਰਣਨ ਕਰਨ ਲਈ ਕੀਤੀ ਗਈ ਹੈ ਜਿਸ ਤੇ ਦੋਸ਼ ਲਗਾਏ ਗਏ ਹਨ ਜਾਂ ਜਿਸ ਨੂੰ ਸੰਮਨ ਭੇਜੇ ਗਏ ਹਨ; ਅਤੇ "ਅਪਰਾਧੀ" ਸ਼ਬਦ ਦੀ ਵਰਤੋਂ ਉਸ ਵਿਅਕਤੀ ਦਾ ਵਰਣਨ ਕਰਨ ਲਈ ਕੀਤੀ ਗਈ ਹੈ ਜਿਸ ਨੇ ਕਿਸੇ ਪੁਲਿਸ ਅਧਿਕਾਰੀ, ਜਾਂ ਦੂਜੇ ਤਫ਼ਤੀਸ਼ਕਾਰ ਜਾਂ ਪ੍ਰੌਸੀਕਿਊਟਰ ਕੋਲ ਆਪਣਾ ਦੋਸ਼ ਕਬੂਲ ਕਰ ਲਿਆ ਹੈ, ਜਾਂ ਜਿਸ ਨੂੰ ਕਾਨੂੰਨ ਦੀ ਅਦਾਲਤ ਵਿੱਚ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ।

## ਆਮ ਸਿਧਾਂਤ

2.1 ਮੁਕੱਦਮਾ ਚਲਾਉਣ ਜਾਂ ਅਦਾਲਤ ਤੋਂ ਬਾਹਰ ਨਿਪਟਾਰੇ ਦੀ ਪੇਸ਼ਕਸ਼ ਕਰਨ ਦਾ ਫੈਸਲਾ ਇੱਕ ਗੰਭੀਰ ਕਦਮ ਹੈ ਜੋ ਸ਼ੱਕੀ ਵਿਅਕਤੀਆਂ, ਪੀੜਤਾਂ, ਗਵਾਹਾਂ ਅਤੇ ਵਿਆਪਕ ਪੱਧਰ ਤੇ ਜਨਤਾ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਇਹ ਲਾਜ਼ਮੀ ਤੌਰ ਤੇ ਬਹੁਤ ਜ਼ਿਆਦਾ ਧਿਆਨ ਦੇ ਨਾਲ ਲਿਆ ਜਾਣਾ ਚਾਹੀਦਾ ਹੈ।

2.2 ਇਹ ਯਕੀਨੀ ਬਣਾਉਣਾ ਪ੍ਰੌਸੀਕਿਊਟਰਾਂ ਦਾ ਫਰਜ਼ ਹੈ ਕਿ ਸਹੀ ਵਿਅਕਤੀ ਤੇ ਸਹੀ ਜੁਰਮ ਲਈ ਮੁਕੱਦਮਾ ਚਲਾਇਆ ਜਾਵੇ ਅਤੇ ਜਿੱਥੇ ਵੀ ਸੰਭਵ ਹੋਵੇ ਅਪਰਾਧੀਆਂ ਨੂੰ ਸਜ਼ਾ ਦੁਆਈ ਜਾਵੇ। ਨਿਆਂਪੂਰਨ ਢੰਗ ਨਾਲ, ਨਿਰਪੱਖ ਰੂਪ ਵਿੱਚ ਅਤੇ ਇਮਾਨਦਾਰੀ ਨਾਲ ਲਏ ਗਏ ਕੇਸਵਰਕ ਦੇ ਫੈਸਲੇ ਪੀੜਤਾਂ, ਗਵਾਹਾਂ, ਮੁਦਾਲਿਆਂ ਅਤੇ ਜਨਤਾ ਨੂੰ ਇਨਸਾਫ਼ ਦੁਆਉਣ ਵਿੱਚ ਮਦਦ ਕਰਦੇ ਹਨ। ਪ੍ਰੌਸੀਕਿਊਟਰਾਂ ਨੂੰ ਇਹ ਜ਼ਰੂਰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਾਨੂੰਨ ਉਚਿਤ ਢੰਗ ਨਾਲ ਲਾਗੂ ਕੀਤਾ ਜਾਂਦਾ ਹੈ; ਸਾਰੇ ਸਬੰਧਤ ਸਬੂਤਾਂ ਨੂੰ ਅਦਾਲਤ ਅੱਗੇ ਪੇਸ਼ ਕੀਤਾ ਜਾਂਦਾ ਹੈ; ਅਤੇ ਭੇਦ ਖੋਲ੍ਹਣ ਦੀਆਂ ਜ਼ੁੰਮੇਵਾਰੀਆਂ ਦਾ ਪਾਲਣ ਕੀਤਾ ਜਾਂਦਾ ਹੈ।

2.3 ਹਾਲਾਂਕਿ ਹਰੇਕ ਕੇਸ ਨੂੰ ਜ਼ਰੂਰੀ ਤੌਰ ਤੇ ਇਸਦੇ ਆਪਣੇ ਤੱਥਾਂ ਅਤੇ ਇਸ ਦੀਆਂ ਆਪਣੀਆਂ ਯੋਗਤਾਵਾਂ ਦੇ ਅਧਾਰ ਤੇ ਵਿਚਾਰਿਆ ਜਾਣਾ ਚਾਹੀਦਾ ਹੈ, ਪਰ ਆਮ ਸਿਧਾਂਤ ਹੁੰਦੇ ਹਨ ਜੋ ਹਰੇਕ ਕੇਸ ਤੇ ਲਾਗੂ ਹੁੰਦੇ ਹਨ।

2.4 ਪ੍ਰੌਸੀਕਿਊਟਰ ਨੂੰ ਲਾਜ਼ਮੀ ਤੌਰ ਤੇ ਨਿਆਂਪੂਰਨ, ਸੁਤੰਤਰ ਅਤੇ ਨਿਰਪੱਖ ਹੋਣਾ ਚਾਹੀਦਾ ਹੈ। ਉਹਨਾਂ ਨੂੰ ਸ਼ੱਕੀ ਵਿਅਕਤੀ, ਪੀੜਤ ਜਾਂ ਕਿਸੇ ਵੀ ਗਵਾਹ ਦੇ ਨਸਲੀ ਜਾਂ ਰਾਸ਼ਟਰੀ ਮੂਲ, ਲਿੰਗ, ਅਸਮਰਥਤਾ, ਉਮਰ, ਧਰਮ ਜਾਂ ਵਿਸ਼ਵਾਸ, ਸਿਆਸੀ ਵਿਚਾਰਾਂ, ਜਿਨਸੀ ਝੁਕਾਅ, ਜਾਂ ਲਿੰਗੀ ਪਛਾਣ ਬਾਰੇ ਕਿਸੇ ਵੀ ਨਿੱਜੀ ਵਿਚਾਰਾਂ ਤੋਂ ਆਪਣੇ ਫੈਸਲਿਆਂ ਨੂੰ ਪ੍ਰਭਾਵਿਤ ਨਹੀਂ ਹੋਣ ਦੇਣਾ ਚਾਹੀਦਾ। ਨਾ ਹੀ ਪ੍ਰੌਸੀਕਿਊਟਰਾਂ ਨੂੰ ਕਿਸੇ ਵੀ ਸ੍ਰੋਤ ਤੋਂ ਅਣਉਚਿਤ ਜਾਂ ਨਾਜਾਇਜ਼ ਦਬਾਅ ਤੋਂ ਪ੍ਰਭਾਵਤ ਹੋਣਾ ਚਾਹੀਦਾ ਹੈ। ਪ੍ਰੌਸੀਕਿਊਟਰਾਂ ਨੂੰ ਹਮੇਸ਼ਾਂ ਨਿਆਂ ਦੇ ਹਿੱਤਾਂ ਵਿੱਚ ਹੀ ਕੰਮ ਕਰਨਾ ਚਾਹੀਦਾ ਹੈ ਨਾ ਕਿ ਮਹਿਜ਼ ਕੋਈ ਦੋਸ਼ ਸਿੱਧੀ ਪ੍ਰਾਪਤ ਕਰਨ ਦੇ ਉਦੇਸ਼ ਲਈ।

2.5 CPS ਵਰਤਮਾਨ, ਸਬੰਧਤ ਬਰਾਬਰੀ ਕਾਨੂੰਨ ਦੇ ਉਦੇਸ਼ਾਂ ਲਈ ਇੱਕ ਜਨਤਕ ਅਥਾਰਿਟੀ ਹੈ। ਪ੍ਰੌਸੀਕਿਊਟਰ ਇਸ ਕਾਨੂੰਨ ਵਿੱਚ ਦਿੱਤੇ ਗਏ ਫ਼ਰਜ਼ਾਂ ਪ੍ਰਤੀ ਪਾਬੰਦ ਹੁੰਦੇ ਹਨ।

2.6 ਪ੍ਰੌਸੀਕਿਊਟਰਾਂ ਨੂੰ ਕੇਸ ਦੇ ਹਰੇਕ ਪੜਾਅ ਤੇ, ਮਨੁੱਖੀ ਹੱਕਾਂ ਦੇ ਕਾਨੂੰਨ (Human Rights Act) 1998 ਦੇ ਮੁਤਾਬਕ, ਮਨੁੱਖੀ ਹੱਕਾਂ ਦੇ ਯੂਰਪੀ ਇਕਰਾਰਨਾਮੇ (European Convention on Human Rights) ਦੇ ਸਿਧਾਂਤਾਂ ਨੂੰ ਜ਼ਰੂਰ ਲਾਗੂ ਕਰਨਾ ਚਾਹੀਦਾ ਹੈ। ਪ੍ਰੌਸੀਕਿਊਟਰਾਂ ਨੂੰ ਲਾਜ਼ਮੀ ਤੌਰ ਤੇ ਅਟਾਰਨੀ

ਜਨਰਲ ਵੱਲੋਂ ਜਾਰੀ ਕੀਤੇ ਗਏ ਕਿਸੇ ਵੀ ਦਿਸ਼ਾ-ਨਿਰਦੇਸ਼ਾਂ; ਅਤੇ ਵਰਤਮਾਨ ਵਿੱਚ ਲਾਗੂ ਅਪਰਾਧਿਕ ਪ੍ਰਕਿਰਿਆ ਦੇ ਨਿਯਮਾਂ (Criminal Procedure Rules) ਦੀ ਵੀ ਪਾਲਣਾ ਕਰਨੀ ਚਾਹੀਦੀ ਹੈ; ਅਤੇ ਅੰਤਰਰਾਸ਼ਟਰੀ ਇਕਰਾਰਨਾਮਿਆਂ ਤੋਂ ਪੈਦਾ ਹੋਈਆਂ ਜ਼ੁੰਮੇਵਾਰੀਆਂ ਦਾ ਧਿਆਨ ਰੱਖਣਾ ਚਾਹੀਦਾ ਹੈ। ਉਹਨਾਂ ਨੂੰ DPP ਦੇ ਵੱਲੋਂ ਜਾਰੀ ਕੀਤੀਆਂ ਗਈਆਂ CPS ਦੀਆਂ ਨੀਤੀਆਂ ਅਤੇ ਸੇਧ ਦੀ ਵੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ ਜੋ ਜਨਤਾ ਦੁਆਰਾ ਦੇਖੇ ਜਾਣ ਲਈ CPS ਦੀ ਵੈਬਸਾਈਟ ਤੇ ਉਪਲਬਧ ਹਨ।

# ਇਹ ਫੈਸਲਾ ਕਰਨਾ ਕਿ ਕੀ ਮੁਕੱਦਮਾ ਚਲਾਉਣਾ ਹੈ

3.1 ਵਧੇਰੇ ਸੰਗੀਨ ਜਾਂ ਪੇਚੀਦਾ ਕੇਸਾਂ ਵਿੱਚ, ਪ੍ਰੌਸੀਕਿਊਟਰ ਫੈਸਲਾ ਕਰਦੇ ਹਨ ਕਿ ਕੀ ਵਿਅਕਤੀ ਤੇ ਫੌਜਦਾਰੀ ਜੁਰਮ ਦਾ ਦੋਸ਼ ਲਗਾਇਆ ਜਾਣਾ ਚਾਹੀਦਾ ਹੈ ਅਤੇ, ਜੇ ਅਜਿਹਾ ਹੁੰਦਾ ਹੈ, ਤਾਂ ਜੁਰਮ ਕੀ ਹੋਣਾ ਚਾਹੀਦਾ ਹੈ। ਉਹ ਆਪਣੇ ਫੈਸਲੇ ਇਸ ਨਿਯਮਾਵਲੀ ਅਤੇ DPP ਦੀ ਦੋਸ਼ ਲਗਾਉਣ ਸਬੰਧੀ ਸੇਧ (Guidance on Charging) ਮੁਤਾਬਕ ਕਰਦੇ ਹਨ। ਪੁਲਿਸ ਇਹ ਫੈਸਲਾ ਕਰਦੇ ਸਮੇਂ ਕਿ ਕਿਸੇ ਵਿਅਕਤੀ ਦੇ ਵਿਰੁੱਧ ਉਹਨਾਂ ਕੇਸਾਂ ਵਿੱਚ, ਜਿਨ੍ਹਾਂ ਲਈ ਉਹ ਜ਼ਿੰਮੇਵਾਰ ਹੈ, ਫ਼ੌਜਦਾਰੀ ਕਾਰਵਾਈਆਂ ਸ਼ੁਰੂ ਕੀਤੀਆਂ ਜਾਣੀਆਂ ਹਨ, ਇਨ੍ਹਾਂ ਸਿਧਾਂਤਾਂ ਨੂੰ ਹੀ ਲਾਗੂ ਕਰਦੀ ਹੈ।

3.2 ਪੁਲਿਸ ਅਤੇ ਦੂਜੇ ਤਫ਼ਤੀਸ਼ਕਾਰ ਕਿਸੇ ਕਥਿਤ ਜੁਰਮ ਦੀ ਤਹਿਕੀਕਾਤ ਕਰਨ ਅਤੇ ਆਪਣੇ ਸ੍ਰੋਤਾਂ ਨੂੰ ਤੈਨਾਤ ਕਰਨ ਦੇ ਤਰੀਕੇ ਬਾਰੇ ਫੈਸਲਾ ਕਰਨ ਲਈ ਜ਼ਿੰਮੇਵਾਰ ਹੁੰਦੇ ਹਨ। ਇਸ ਵਿੱਚ ਕੋਈ ਤਫ਼ਤੀਸ਼ ਸ਼ੁਰੂ ਕਰਨ ਜਾਂ ਜਾਰੀ ਰੱਖਣ ਦੇ ਫੈਸਲੇ ਅਤੇ ਤਫ਼ਤੀਸ਼ ਦਾ ਦਾਇਰਾ ਸ਼ਾਮਲ ਹੁੰਦਾ ਹੈ। ਪ੍ਰੌਸੀਕਿਊਟਰ ਅਕਸਰ ਪੁਲਿਸ ਅਤੇ ਦੂਜੇ ਤਫ਼ਤੀਸ਼ਕਾਰਾਂ ਨੂੰ ਤਹਿਕੀਕਾਤ ਦੀ ਦਿਸ਼ਾ ਅਤੇ ਸਬੂਤ ਸਬੰਧੀ ਲੋੜਾਂ ਬਾਰੇ ਸਲਾਹ ਦਿੰਦੇ ਹਨ ਅਤੇ ਦੋਸ਼ ਲਗਾਉਣ ਤੋਂ ਪਹਿਲਾਂ ਦੀਆਂ ਪ੍ਰਕਿਰਿਆਵਾਂ ਵਿੱਚ ਸਹਾਇਤਾ ਕਰਦੇ ਹਨ। ਵੱਡੇ ਪੱਧਰ ਦੀਆਂ ਤਫ਼ਤੀਸ਼ਾਂ ਵਿੱਚ ਪ੍ਰੌਸੀਕਿਊਟਰ ਨੂੰ ਤਹਿਕੀਕਾਤ ਦੀ ਵਿਆਪਕ ਰਣਨੀਤੀ ਬਾਰੇ ਸਲਾਹ ਦੇਣ ਵਾਸਤੇ ਕਿਹਾ ਜਾ ਸਕਦਾ ਹੈ, ਜਿਸ ਵਿੱਚ ਅਪਰਾਧਿਕ ਵਿਹਾਰ ਦੇ ਦਾਇਰੇ ਅਤੇ ਤਫ਼ਤੀਸ਼ ਹੇਠ ਸ਼ੱਕੀ ਵਿਅਕਤੀਆਂ ਦੀ ਸੰਖਿਆ ਨੂੰ ਸੋਧਣ ਜਾਂ ਛੋਟਾ ਕਰਨ ਦੇ ਫੈਸਲੇ ਸ਼ਾਮਲ ਹੁੰਦੇ ਹਨ। ਇਹ ਸਮੇਂ ਦੀ ਉਚਿਤ ਮਿਆਦ ਦੇ ਅੰਦਰ ਤਫ਼ਤੀਸ਼ ਨੂੰ ਪੂਰਾ ਕਰਨ ਵਿੱਚ ਪੁਲਿਸ ਅਤੇ ਦੂਜੇ ਤਫ਼ਤੀਸ਼ਕਾਰਾਂ ਦੀ ਮਦਦ ਕਰਨ ਅਤੇ ਸਭ ਤੋਂ ਪ੍ਰਭਾਵੀ ਮੁਕੱਦਮਾ ਤਿਆਰ ਕਰਨ ਲਈ ਹੁੰਦਾ ਹੈ। ਪਰ, ਪ੍ਰੌਸੀਕਿਊਟਰ ਪੁਲਿਸ ਜਾਂ ਹੋਰਨਾਂ ਤਫ਼ਤੀਸ਼ਕਾਰਾਂ ਨੂੰ ਨਿਰਦੇਸ਼ ਨਹੀਂ ਦੇ ਸਕਦੇ।

3.3 ਪ੍ਰੌਸੀਕਿਊਟਰਾਂ ਨੂੰ ਸਬੂਤ ਸਬੰਧੀ ਕਮਜ਼ੋਰੀਆਂ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ, ਜਿੱਥੇ ਸੰਭਵ ਹੋਵੇ, ਉਹਨਾਂ ਨੂੰ ਸੋਧਣ ਦੀ ਮੰਗ ਕਰਨੀ ਚਾਹੀਦੀ ਹੈ, ਪਰ ਥ੍ਰੈਸ਼ਹੋਲਡ ਟੈਸਟ (ਸ਼ੁਰੂਆਤ ਕਰਨ ਦੀ ਜਾਂਚ) (ਭਾਗ 5 ਦੇਖੋ) ਦੇ ਤਹਿਤ, ਉਹਨਾਂ ਨੂੰ ਅਜਿਹੇ ਕੇਸਾਂ ਨੂੰ ਜਲਦੀ ਨਾਲ ਬੰਦ ਕਰ ਦੇਣਾ ਚਾਹੀਦਾ ਹੈ ਜਿਹੜੇ ਮੁਕੰਮਲ ਨਿਯਮਾਵਲੀ ਜਾਂਚ (Full Code Test) (ਭਾਗ 4 ਦੇਖੋ) ਦੇ ਸਬੂਤ ਸਬੰਧੀ ਪੜਾਅ ਨੂੰ ਪਾਰ ਨਹੀਂ ਕਰਦੇ ਅਤੇ ਜਿਨ੍ਹਾਂ ਨੂੰ ਅੱਗੇ ਹੋਰ ਤਫ਼ਤੀਸ਼ ਕਰਕੇ ਮਜ਼ਬੂਤ ਨਹੀਂ ਬਣਾਇਆ ਜਾ ਸਕਦਾ, ਜਾਂ ਜਿੱਥੇ ਜਨਤਕ ਹਿੱਤ ਲਈ ਸਪਸ਼ਟ ਰੂਪ ਵਿੱਚ ਕਿਸੇ ਮੁਕੱਦਮੇ (ਭਾਗ 4 ਦੇਖੋ) ਦੀ ਲੋੜ ਨਹੀਂ ਹੁੰਦੀ। ਹਾਲਾਂਕਿ ਪ੍ਰੌਸੀਕਿਊਟਰ ਮੁੱਖ ਤੌਰ ਤੇ ਪੁਲਿਸ ਅਤੇ ਹੋਰਨਾਂ ਤਫ਼ਤੀਸ਼ਕਾਰਾਂ ਦੁਆਰਾ ਸਪਲਾਈ ਕੀਤੇ ਸਬੂਤ ਅਤੇ ਜਾਣਕਾਰੀ ਤੇ ਵਿਚਾਰ ਕਰਦੇ ਹਨ, ਪਰ ਸ਼ੱਕੀ ਵਿਅਕਤੀ ਜਾਂ ਉਸ ਵੱਲੋਂ ਕੰਮ ਕਰ ਰਹੇ ਲੋਕ ਵੀ, ਪ੍ਰੌਸੀਕਿਊਟਰ ਦੇ ਫੈਸਲੇ ਵਾਸਤੇ ਜਾਣਕਾਰੀ ਦੇਣ ਵਿੱਚ ਮਦਦ ਕਰਨ ਲਈ, ਦੋਸ਼ ਲਗਾਉਣ ਤੋਂ ਪਹਿਲਾਂ,

ਪੁਲਿਸ ਜਾਂ ਹੋਰਨਾਂ ਤਫ਼ਤੀਸ਼ਕਾਰਾਂ ਦੇ ਰਾਹੀਂ ਪ੍ਰੌਸੀਕਿਊਟਰ ਕੋਲ ਸਬੂਤ ਅਤੇ ਜਾਣਕਾਰੀ ਜਮ੍ਹਾਂ ਕਰਵਾ ਸਕਦੇ ਹਨ।

3.4 ਪ੍ਰੌਸੀਕਿਊਟਰਾਂ ਨੂੰ ਕੋਈ ਮੁਕੱਦਮਾ ਸਿਰਫ ਉਦੋਂ ਹੀ ਸ਼ੁਰੂ ਕਰਨਾ ਜਾਂ ਜਾਰੀ ਰੱਖਣਾ ਚਾਹੀਦਾ ਹੈ ਜਦੋਂ ਕੇਸ ਮੁਕੰਮਲ ਨਿਯਮਾਵਲੀ ਜਾਂਚ (ਭਾਗ 4 ਦੇਖੋ) ਦੇ ਦੋਵੇਂ ਪੜਾਵਾਂ ਨੂੰ ਪਾਰ ਕਰ ਚੁੱਕਿਆ ਹੋਵੇ। ਸਿਵਾਏ ਉਸਦੇ ਜਦੋਂ ਥ੍ਰੈਸ਼ਹੋਲਡ ਟੈਸਟ (ਭਾਗ 5 ਦੇਖੋ) ਨੂੰ ਲਾਗੂ ਕੀਤਾ ਜਾ ਸਕਦਾ ਹੋਵੇ ਜਿੱਥੇ ਦੋਸ਼ ਲਗਾਉਣ ਤੋਂ ਬਾਅਦ ਸ਼ੱਕੀ ਵਿਅਕਤੀ ਨੂੰ ਹਿਰਾਸਤ ਵਿੱਚ ਰੱਖਣ ਲਈ ਅਦਾਲਤ ਨੂੰ ਦਰਖਾਸਤ ਦੇਣ ਦੀ ਤਜਵੀਜ਼ ਕੀਤੀ ਜਾਂਦੀ ਹੈ, ਅਤੇ ਮੁਕੰਮਲ ਨਿਯਮਾਵਲੀ ਜਾਂਚ ਨੂੰ ਲਾਗੂ ਕਰਨ ਲਈ ਲੋੜੀਂਦਾ ਸਬੂਤ ਅਜੇ ਉਪਲਬਧ ਨਹੀਂ ਹੁੰਦਾ।

3.5 ਪ੍ਰੌਸੀਕਿਊਟਰਾਂ ਨੂੰ ਅਜਿਹਾ ਮੁਕੱਦਮਾ ਸ਼ੁਰੂ ਨਹੀਂ ਕਰਨਾ ਚਾਹੀਦਾ ਜਾਂ ਜਾਰੀ ਨਹੀਂ ਰੱਖਣਾ ਚਾਹੀਦਾ ਜਿਸ ਨੂੰ ਅਦਾਲਤਾਂ ਦੁਆਰਾ ਦਮਨਕਾਰੀ ਜਾਂ ਅਣਉਚਿਤ ਅਤੇ ਅਦਾਲਤ ਦੀ ਪ੍ਰਕਿਰਿਆ ਦੀ ਦੁਰਵਰਤੋਂ ਸਮਝਿਆ ਜਾਵੇਗਾ।

3.6 ਪ੍ਰੌਸੀਕਿਊਟਰ ਉਸ ਹਰ ਕੇਸ ਦੀ ਸਮੀਖਿਆ ਕਰਦੇ ਹਨ ਜੋ ਉਹਨਾਂ ਨੂੰ ਪੁਲਿਸ ਜਾਂ ਹੋਰਨਾਂ ਤਫ਼ਤੀਸ਼ਕਾਰਾਂ ਤੋਂ ਮਿਲਦਾ ਹੈ। ਸਮੀਖਿਆ ਇੱਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ ਅਤੇ ਪ੍ਰੌਸੀਕਿਊਟਰਾਂ ਨੂੰ ਕੇਸ ਦੇ ਅੱਗੇ ਵਧਣ ਦੇ ਨਾਲ-ਨਾਲ ਹਾਲਾਤ ਵਿੱਚ ਹੋਣ ਵਾਲੀ ਕਿਸੇ ਵੀ ਤਬਦੀਲੀ ਨੂੰ ਧਿਆਨ ਹਿੱਤ ਜ਼ਰੂਰ ਰੱਖਣਾ ਚਾਹੀਦਾ ਹੈ, ਜਿਸ ਵਿੱਚ ਬਚਾਅ ਪੱਖ ਦੇ ਬਾਰੇ ਪਤਾ ਲੱਗਣ ਵਾਲੀ ਜਾਣਕਾਰੀ ਵੀ ਸ਼ਾਮਲ ਹੈ। ਦੋਸ਼ਾਂ ਵਿੱਚ ਤਬਦੀਲੀ ਕਰਨ ਜਾਂ ਕੇਸ ਨੂੰ ਰੋਕਣ ਬਾਰੇ ਸੋਚਦੇ ਸਮੇਂ, ਜਿੱਥੇ ਵੀ ਸੰਭਵ ਹੋਵੇ, ਉਹਨਾਂ ਨੂੰ ਤਫ਼ਤੀਸ਼ਕਾਰ ਨਾਲ ਗੱਲ ਕਰਨੀ ਚਾਹੀਦੀ ਹੈ। ਪ੍ਰੌਸੀਕਿਊਟਰ ਅਤੇ ਤਫ਼ਤੀਸ਼ਕਾਰ ਇਕੱਠੇ ਮਿਲ ਕੇ ਕੰਮ ਕਰਦੇ ਹਨ, ਪਰ ਕੇਸ ਅੱਗੇ ਵਧਣਾ ਚਾਹੀਦਾ ਹੈ ਜਾਂ ਨਹੀਂ, ਇਸ ਬਾਰੇ ਫੈਸਲਾ ਕਰਨ ਦੀ ਅੰਤਮ ਜ਼ੁੰਮੇਵਾਰੀ ਦਾ ਦਾਰੋਮਦਾਰ CPS ਸਿਰ ਹੁੰਦਾ ਹੈ।

3.7 ਪਾਰਲੀਮੈਂਟ ਨੇ ਫੈਸਲਾ ਕੀਤਾ ਹੈ ਕਿ ਸਿਰਫ ਸੀਮਤ ਗਿਣਤੀ ਵਿੱਚ ਜੁਰਮਾਂ ਨੂੰ ਹੀ DPP ਦੀ ਸਹਿਮਤੀ ਨਾਲ ਅਦਾਲਤ ਵਿੱਚ ਲਿਜਾਇਆ ਜਾਣਾ ਚਾਹੀਦਾ ਹੈ। ਇਹਨਾਂ ਨੂੰ ਸਹਿਮਤੀ ਵਾਲੇ ਕੇਸ ਕਿਹਾ ਜਾਂਦਾ ਹੈ। ਅਜਿਹੇ ਕੇਸਾਂ ਵਿੱਚ DPP, ਜਾਂ ਉਸਦੇ ਵੱਲੋਂ ਕੰਮ ਕਰ ਰਹੇ ਪ੍ਰੌਸੀਕਿਊਟਰ ਇਹ ਫੈਸਲਾ ਕਰਦੇ ਸਮੇਂ ਨਿਯਮਾਵਲੀ ਲਾਗੂ ਕਰਦੇ ਹਨ ਕਿ ਕੋਈ ਮੁਕੱਦਮਾ ਚਲਾਉਣ ਦੀ ਸਹਿਮਤੀ ਦਿੱਤੀ ਜਾਵੇ ਜਾਂ ਨਹੀਂ। ਕੁਝ ਅਜਿਹੇ ਜੁਰਮ ਵੀ ਹਨ ਜਿਨ੍ਹਾਂ ਨੂੰ ਸਿਰਫ ਅਟਾਰਨੀ ਜਨਰਲ ਦੀ ਸਹਿਮਤੀ ਦੇ ਨਾਲ ਹੀ ਅਦਾਲਤ ਵਿੱਚ ਲਿਜਾਇਆ ਜਾਣਾ ਚਾਹੀਦਾ ਹੈ। ਅਜਿਹੇ ਕਿਸੇ ਵੀ ਕੇਸਾਂ ਨੂੰ ਅਟਾਰਨੀ ਜਨਰਲ ਕੋਲ ਭੇਜਦੇ ਸਮੇਂ ਪ੍ਰੌਸੀਕਿਊਟਰਾਂ ਨੂੰ ਲਾਜ਼ਮੀ ਤੌਰ ਤੇ ਵਰਤਮਾਨ ਸੇਧ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ,

ਅਟਾਰਨੀ ਜਨਰਲ ਦੁਆਰਾ CPS ਦੀ ਨਿਗਰਾਨੀ ਅਤੇ ਇਸ ਦੀਆਂ ਕਾਰਵਾਈਆਂ ਲਈ ਪਾਰਲੀਮੈਂਟ ਨੂੰ ਜਵਾਬਦੇਹੀ ਦੇ ਹਿੱਸੇ ਵੱਜੋਂ ਕੁਝ ਕੇਸਾਂ ਬਾਰੇ ਅਟਾਰਨੀ ਜਨਰਲ ਨੂੰ ਸੂਚਿਤ ਰੱਖਿਆ ਜਾਵੇਗਾ।

# ਮੁਕੰਮਲ ਨਿਯਮਾਵਲੀ ਜਾਂਚ

4.1 ਮੁਕੰਮਲ ਨਿਯਮਾਵਲੀ ਜਾਂਚ ਦੇ ਦੋ ਪੜਾਅ ਹਨ: (i) ਸਬੂਤ ਵਾਲਾ ਪੜਾਅ; ਅਤੇ ਉਸ ਤੋਂ ਬਾਅਦ (ii) ਜਨਤਕ ਹਿੱਤ ਵਾਲਾ ਪੜਾਅ।

4.2 ਜ਼ਿਆਦਾਤਰ ਕੇਸਾਂ ਵਿੱਚ, ਪ੍ਰੌਸੀਕਿਊਟਰਾਂ ਨੂੰ ਸਿਰਫ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ ਤਫ਼ਤੀਸ਼ ਮੁੱਕ ਜਾਣ ਤੋਂ ਬਾਅਦ ਅਤੇ ਸਾਰੇ ਉਪਲਬਧ ਸਬੂਤਾਂ ਦੀ ਸਮੀਖਿਆ ਕਰ ਲਏ ਜਾਣ ਤੋਂ ਬਾਅਦ ਮੁਕੱਦਮਾ ਚਲਾਇਆ ਜਾਵੇ। ਪਰ, ਅਜਿਹੇ ਕੇਸ ਵੀ ਹੋਣਗੇ ਜਿੱਥੇ ਸਾਰੇ ਸੰਭਾਵੀ ਸਬੂਤ ਇਕੱਠੇ ਕਰਨ ਅਤੇ ਵਿਚਾਰਨ ਤੋਂ ਪਹਿਲਾਂ ਇਹ ਸਪਸ਼ਟ ਹੁੰਦਾ ਹੈ ਕਿ ਜਨਤਕ ਹਿੱਤ ਲਈ ਕਿਸੇ ਮੁਕੱਦਮੇ ਦੀ ਲੋੜ ਨਹੀਂ ਹੈ। ਇਹਨਾਂ ਸਥਿਤੀਆਂ ਵਿੱਚ, ਪ੍ਰੌਸੀਕਿਊਟਰ ਸ਼ਾਇਦ ਇਹ ਫੈਸਲਾ ਕਰ ਸਕਦੇ ਹਨ ਕਿ ਕੇਸ ਅੱਗੇ ਨਹੀਂ ਵਧਣਾ ਚਾਹੀਦਾ।

4.3 ਪ੍ਰੌਸੀਕਿਊਟਰਾਂ ਨੂੰ ਅਜਿਹਾ ਕੋਈ ਫੈਸਲਾ ਸਿਰਫ ਉਦੋਂ ਹੀ ਲੈਣਾ ਚਾਹੀਦਾ ਹੈ ਜਦੋਂ ਉਹਨਾਂ ਨੂੰ ਤਸੱਲੀ ਹੋਵੇ ਕਿ ਜੁਰਮ ਦੀ ਵਿਆਪਕ ਹੱਦ ਨਿਰਧਾਰਤ ਕਰ ਲਈ ਗਈ ਹੈ ਅਤੇ ਉਹ ਜਨਤਕ ਹਿੱਤ ਦਾ ਪੂਰੀ ਤਰ੍ਹਾਂ ਨਾਲ ਸੂਚਿਤ ਮੁਲਾਂਕਣ ਕਰ ਸਕਦੇ ਹਨ। ਜੇ ਪ੍ਰੌਸੀਕਿਊਟਰਾਂ ਕੋਲ ਅਜਿਹਾ ਫੈਸਲਾ ਲੈਣ ਲਈ ਲੋੜੀਂਦੀ ਜਾਣਕਾਰੀ ਨਹੀਂ ਹੈ, ਤਾਂ ਤਫ਼ਤੀਸ਼ ਅੱਗੇ ਵਧਣੀ ਚਾਹੀਦੀ ਹੈ ਅਤੇ ਇਸ ਸੈਕਸ਼ਨ ਵਿੱਚ ਬਿਆਨ ਕੀਤੀ ਗਈ ਮੁਕੰਮਲ ਨਿਯਮਾਵਲੀ ਜਾਂਚ ਦੇ ਮੁਤਾਬਕ ਬਾਅਦ ਵਿੱਚ ਫੈਸਲਾ ਲਿਆ ਜਾਣਾ ਚਾਹੀਦਾ ਹੈ।

**ਸਬੂਤ ਵਾਲਾ ਪੜਾਅ**

4.4 ਪ੍ਰੌਸੀਕਿਊਟਰਾਂ ਨੂੰ ਇਹ ਤਸੱਲੀ ਜ਼ਰੂਰ ਹੋਣੀ ਚਾਹੀਦੀ ਹੈ ਕਿ ਹਰੇਕ ਸ਼ੱਕੀ ਵਿਅਕਤੀ ਦੇ ਖਿਲਾਫ਼ ਹਰੇਕ ਦੋਸ਼ ਤੇ ਦੋਸ਼ ਸਿੱਧੀ ਦੀ ਯਥਾਰਥਕ ਸੰਭਾਵਨਾ ਮੁਹੱਈਆ ਕਰਾਉਣ ਲਈ ਲੋੜੀਂਦਾ ਸਬੂਤ ਮੌਜੂਦ ਹੈ। ਉਹਨਾਂ ਨੂੰ ਇਸ ਬਾਰੇ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ ਕਿ ਬਚਾਅ ਪੱਖ ਦਾ ਕੇਸ ਕੀ ਹੋ ਸਕਦਾ ਹੈ, ਅਤੇ ਇਸਦੇ ਦੋਸ਼ ਸਿੱਧੀ ਦੀਆਂ ਸੰਭਾਵਨਾਵਾਂ ਤੇ ਕਿਸ ਤਰ੍ਹਾਂ ਦਾ ਅਸਰ ਪਾਉਣ ਦੀ ਸੰਭਾਵਨਾ ਹੈ। ਜਿਹੜਾ ਕੇਸ ਸਬੂਤ ਵਾਲਾ ਪੜਾਅ ਪਾਰ ਨਹੀਂ ਕਰਦਾ ਉਸ ਨੂੰ ਲਾਜ਼ਮੀ ਤੌਰ ਤੇ ਅੱਗੇ ਨਹੀਂ ਵਧਣਾ ਚਾਹੀਦਾ, ਭਾਵੇਂ ਇਹ ਕਿੰਨਾ ਵੀ ਸੰਗੀਨ ਜਾਂ ਸੰਵੇਦਨਸ਼ੀਲ ਕਿਉਂ ਨਾ ਹੋਵੇ।

4.5 ਇਹ ਨਤੀਜਾ ਕਿ ਮੁਕੱਦਮਾ ਚਲਾਉਣ ਦੀ ਯਥਾਰਥਕ ਸੰਭਾਵਨਾ ਪ੍ਰੌਸੀਕਿਊਟਰ ਦੁਆਰਾ ਸਬੂਤ ਦੇ ਵਸਤੂਪਰਕ ਮੁਲਾਂਕਣ ਤੇ ਅਧਾਰਤ ਹੈ, ਜਿਸ ਵਿੱਚ ਕਿਸੇ ਵੀ ਬਚਾਅ ਪੱਖ ਦਾ ਪ੍ਰਭਾਵ ਅਤੇ ਕੋਈ ਵੀ ਹੋਰ ਜਾਣਕਾਰੀ ਵੀ ਸ਼ਾਮਲ ਹੈ ਜੋ ਸ਼ੱਕੀ ਵਿਅਕਤੀ ਨੇ ਪੇਸ਼ ਕੀਤੀ ਹੈ ਜਾਂ ਜਿਸ ਤੇ ਉਹ ਸ਼ਾਇਦ ਭਰੋਸਾ ਕਰ ਸਕਦਾ/ਸਕਦੀ ਹੈ। ਇਸਦਾ ਮਤਲਬ ਹੈ ਕਿ ਉਚਿਤ ਢੰਗ ਨਾਲ ਨਿਰਦੇਸ਼ਤ ਅਤੇ ਕਨੂੰਨ ਮੁਤਾਬਕ ਕੰਮ

ਕਰ ਰਹੇ, ਮੈਜਿਸਟ੍ਰੇਟਾਂ ਦੀ ਕਿਸੇ ਵਸਤੂਪਰਕ, ਨਿਰਪੱਖ ਅਤੇ ਵਾਜਬ ਜਿਊਰੀ ਜਾਂ ਬੈਂਚ ਜਾਂ ਕੇਸ ਦੀ ਇਕੱਲਿਆਂ ਸੁਣਵਾਈ ਕਰਦੇ ਜੱਜ, ਦੁਆਰਾ ਕਥਿਤ ਦੋਸ਼ ਲਈ ਮੁਦਾਲਾ ਨੂੰ ਦੋਸ਼ੀ ਨਾ ਠਹਿਰਾਉਣ ਨਾਲੋਂ ਵਧੇਰੇ ਸੰਭਾਵਨਾ, ਦੋਸ਼ੀ ਠਹਿਰਾਉਣ ਦੀ ਹੈ। ਇਹ ਉਸ ਨਾਲੋਂ ਵੱਖਰੀ ਪਰਖ ਹੈ ਜੋ ਫ਼ੌਜਦਾਰੀ ਅਦਾਲਤਾਂ ਨੂੰ ਲਾਜ਼ਮੀ ਤੌਰ ਤੇ ਆਪਣੇ ਆਪ ਲਾਗੂ ਕਰਨੀ ਚਾਹੀਦੀ ਹੈ। ਕੋਈ ਅਦਾਲਤ ਸਿਰਫ ਤਾਂ ਹੀ ਦੋਸ਼ ਸਿੱਧ ਕਰ ਸਕਦੀ ਹੈ ਜੇ ਇਸਨੂੰ ਯਕੀਨ ਹੋਵੇ ਕਿ ਮੁਦਾਲਾ ਕਸੂਰਵਾਰ ਹੈ।

4.6 ਇਸ ਬਾਰੇ ਫੈਸਲਾ ਕਰਦੇ ਸਮੇਂ ਕਿ ਕੀ ਮੁਕੱਦਮਾ ਚਲਾਉਣ ਲਈ ਲੋੜੀਂਦਾ ਸਬੂਤ ਹੈ, ਪ੍ਰੋਸੀਕਿਊਟਰਾਂ ਨੂੰ ਖੁਦ ਤੋਂ ਹੇਠਾਂ ਦਿੱਤੀਆਂ ਗੱਲਾਂ ਪੁੱਛਣੀਆਂ ਚਾਹੀਦੀਆਂ ਹਨ:

ਕੀ ਸਬੂਤ ਨੂੰ ਅਦਾਲਤ ਵਿੱਚ ਵਰਤਿਆ ਜਾ ਸਕਦਾ ਹੈ?

ਪ੍ਰੋਸੀਕਿਊਟਰਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਕੁਝ ਖਾਸ ਸਬੂਤਾਂ ਦੀ ਮੰਨਣਯੋਗਤਾ ਦੇ ਬਾਰੇ ਕੋਈ ਪ੍ਰਸ਼ਨ ਹਨ। ਅਜਿਹਾ ਕਰਨ ਲਈ, ਪ੍ਰੋਸੀਕਿਊਟਰਾਂ ਨੂੰ ਹੇਠਾਂ ਦਿੱਤੇ ਦਾ ਮੁਲਾਂਕਣ ਕਰਨਾ ਚਾਹੀਦਾ ਹੈ:

a) ਉਸ ਸਬੂਤ ਨੂੰ ਅਦਾਲਤ ਦੁਆਰਾ ਨਾ ਮੰਨਣਯੋਗ ਸਮਝੇ ਜਾਣ ਦੀ ਸੰਭਾਵਨਾ; ਅਤੇ
b) ਮੁਕੰਮਲ ਸਬੂਤ ਦੇ ਸਬੰਧ ਵਿੱਚ ਉਸ ਸਬੂਤ ਦਾ ਮਹੱਤਵ।

ਕੀ ਸਬੂਤ ਭਰੋਸੇਯੋਗ ਹੈ?
ਪ੍ਰੋਸੀਕਿਊਟਰਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸਬੂਤ ਦੀ ਸ਼ੁੱਧਤਾ ਜਾਂ ਅਖੰਡਤਾ ਸਮੇਤ, ਇਸਦੀ ਭਰੋਸੇਯੋਗਤਾ ਤੇ ਪ੍ਰਸ਼ਨ ਉਠਾਏ ਜਾਣ ਦੇ ਕੋਈ ਕਾਰਨ ਹਨ।

ਕੀ ਸਬੂਤ ਵਿਸ਼ਵਾਸਯੋਗ ਹੈ?
ਪ੍ਰੋਸੀਕਿਊਟਰਾਂ ਨੂੰ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਸਬੂਤ ਦੀ ਵਿਸ਼ਵਾਸਯੋਗਤਾ ਤੇ ਸ਼ੱਕ ਕੀਤੇ ਜਾਣ ਦੇ ਕੋਈ ਕਾਰਨ ਹਨ।

## ਜਨਤਕ ਹਿੱਤ ਵਾਲਾ ਪੜਾਅ

4.7 ਉਸ ਹਰ ਕੇਸ ਵਿੱਚ ਜਿੱਥੇ ਕਿਸੇ ਮੁਕੱਦਮੇ ਨੂੰ ਉਚਿਤ ਠਹਿਰਾਉਣ ਦਾ ਲੋੜੀਂਦਾ ਸਬੂਤ ਹੋਵੇ, ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ਤੇ ਇਹ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ ਕਿ ਕੀ ਜਨਤਕ ਹਿੱਤ ਵਿੱਚ ਮੁਕੱਦਮੇ ਦੀ ਲੋੜ ਹੈ।

4.8 ਇਹ ਕਦੇ ਵੀ ਨਿਯਮ ਨਹੀਂ ਰਿਹਾ ਹੈ ਕਿ ਸਬੂਤ ਵਾਲਾ ਪੜਾਅ ਪੂਰਾ ਹੋਣ ਜਾਣ ਦੇ ਬਾਅਦ ਆਪਣੇ-ਆਪ ਮੁਕੱਦਮਾ ਚਲਾ ਦਿੱਤਾ ਜਾਵੇਗਾ। ਕੋਈ ਮੁਕੱਦਮਾ ਆਮ ਤੌਰ ਤੇ ਚਲਾਇਆ ਜਾਵੇਗਾ ਜਦ ਤਕ ਕਿ ਪ੍ਰੌਸੀਕਿਊਟਰ ਨੂੰ ਤਸੱਲੀ ਨਾ ਹੋਵੇ ਕਿ ਮੁਕੱਦਮੇ ਦੇ ਖਿਲਾਫ਼ ਜਾਂਦੇ ਜਨਤਕ ਹਿੱਤ ਦੇ ਕਾਰਕ ਮੁਕੱਦਮੇ ਦੇ ਪੱਖ ਵੱਲ ਜਾਂਦੇ ਕਾਰਕਾਂ ਤੋਂ ਭਾਰੀ ਹਨ। ਕੁਝ ਕੇਸਾਂ ਵਿੱਚ ਪ੍ਰੌਸੀਕਿਊਟਰ ਨੂੰ ਸ਼ਾਇਦ ਤਸੱਲੀ ਹੋ ਸਕਦੀ ਹੈ ਕਿ ਮੁਕੱਦਮਾ ਚਲਾਉਣ ਦੀ ਬਜਾਏ ਅਪਰਾਧੀ ਨੂੰ ਅਦਾਲਤ ਤੋਂ ਬਾਹਰ ਨਿਪਟਾਰੇ ਦੁਆਰਾ ਮਾਮਲੇ ਨੂੰ ਸੁਲਝਾਉਣ ਦਾ ਮੌਕਾ ਪੇਸ਼ ਕਰਕੇ, ਜਨਤਕ ਹਿੱਤ ਸਹੀ ਢੰਗ ਨਾਲ ਪੂਰਾ ਕੀਤਾ ਜਾ ਸਕਦਾ ਹੈ।

4.9 ਜਨਤਕ ਹਿੱਤ ਬਾਰੇ ਫੈਸਲਾ ਕਰਦਿਆਂ, ਪ੍ਰੌਸੀਕਿਊਟਰਾਂ ਨੂੰ ਹੇਠਾਂ ਪੈਰਾ 4.12 a) ਤੋਂ g) ਵਿੱਚ ਦਿੱਤੇ ਹਰੇਕ ਪ੍ਰਸ਼ਨ ਤੇ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਮੁਕੱਦਮੇ ਦੇ ਵੱਲ ਜਾਂਦੇ ਅਤੇ ਮੁਕੱਦਮੇ ਦੇ ਵਿਰੁੱਧ ਜਾਂਦੇ ਸਬੰਧਤ ਜਨਤਕ ਹਿੱਤ ਦੇ ਕਾਰਕਾਂ ਨੂੰ ਪਛਾਣਿਆ ਅਤੇ ਨਿਰਧਾਰਤ ਕੀਤਾ ਜਾ ਸਕੇ। DPP ਦੁਆਰਾ ਜਾਰੀ ਕੀਤੀ ਗਈ ਸਬੰਧਤ ਸੇਧ ਜਾਂ ਨੀਤੀ ਵਿੱਚ ਦਿੱਤੇ ਗਏ ਕਿਸੇ ਵੀ ਜਨਤਕ ਹਿੱਤ ਦੇ ਕਾਰਕਾਂ ਦੇ ਨਾਲ ਮਿਲਾ ਕੇ ਇਹ ਕਾਰਕ, ਪ੍ਰੌਸੀਕਿਊਟਰਾਂ ਨੂੰ ਜਨਤਕ ਹਿੱਤ ਦੇ ਵਿਆਪਕ ਮੁਲਾਂਕਣ ਕਰਨ ਦੇ ਸਮਰੱਥ ਬਣਾਉਣਗੇ।

4.10 ਪੈਰ੍ਹਿਆਂ 4.12 a) ਤੋਂ g) ਵਿੱਚ ਹਰੇਕ ਪ੍ਰਸ਼ਨ ਦੇ ਹੇਠਾਂ ਵਿਆਖਿਆਤਮਕ ਪਾਠ, ਹਰੇਕ ਪ੍ਰਸ਼ਨ ਤੇ ਧਿਆਨ ਦਿੰਦੇ ਸਮੇਂ ਅਤੇ ਇਹ ਨਿਰਧਾਰਤ ਕਰਦੇ ਸਮੇਂ ਕਿ ਕੀ ਇਹ ਮੁਕੱਦਮੇ ਦੇ ਹੱਕ ਵਿੱਚ ਜਾਂ ਇਸ ਦੇ ਵਿਰੁੱਧ ਜਨਤਕ ਹਿੱਤ ਨੂੰ ਪਛਾਣਦਾ ਹੈ, ਪ੍ਰੌਸੀਕਿਊਟਰਾਂ ਨੂੰ ਸੇਧ ਮੁਹੱਈਆ ਕਰਦਾ ਹੈ। ਪਛਾਣੇ ਗਏ ਪ੍ਰਸ਼ਨ ਸੰਪੂਰਨ ਨਹੀਂ ਹਨ, ਅਤੇ ਹੋ ਸਕਦਾ ਹੈ ਕਿ ਹਰੇਕ ਕੇਸ ਦੇ ਵਿੱਚ ਸਾਰੇ ਪ੍ਰਸ਼ਨ ਸਬੰਧਤ ਨਾ ਹੋਣ। ਹਰੇਕ ਪ੍ਰਸ਼ਨ ਦੇ ਨਾਲ ਜੋੜਿਆ ਜਾਣ ਵਾਲਾ ਮਹੱਤਵ, ਅਤੇ ਪਛਾਣੇ ਗਏ ਕਾਰਕ, ਵੀ ਹਰੇਕ ਕੇਸ ਦੇ ਤੱਥਾਂ ਅਤੇ ਵਿਸ਼ੇਸ਼ਤਾਵਾਂ ਦੇ ਅਨੁਸਾਰ ਵੱਖ-ਵੱਖ ਹੋਣਗੇ।

4.11 ਇਹ ਕਾਫੀ ਸੰਭਵ ਹੈ ਕਿ ਜਨਤਕ ਹਿੱਤ ਦਾ ਇੱਕ ਇਕੱਲਾ ਕਾਰਕ ਸ਼ਾਇਦ ਬਹੁਤ ਸਾਰੇ ਹੋਰਨਾਂ ਕਾਰਕਾਂ ਤੇ ਭਾਰੀ ਪੈ ਸਕਦਾ ਹੈ ਜਿਨ੍ਹਾਂ ਦਾ ਰੁਝਾਨ ਉਲਟ ਦਿਸ਼ਾ ਵਿੱਚ ਹੁੰਦਾ ਹੈ। ਹਾਲਾਂਕਿ ਕਿਸੇ ਖਾਸ ਕੇਸ ਵਿੱਚ ਜਨਤਕ ਹਿੱਤ ਦੇ ਅਜਿਹੇ ਕਾਰਕ ਹੋ ਸਕਦੇ ਹਨ ਜੋ ਮੁਕੱਦਮਾ ਚਲਾਉਣ ਤੋਂ ਉਲਟ ਜਾਂਦੇ ਹੋਣ, ਪ੍ਰੌਸੀਕਿਊਟਰਾਂ ਨੂੰ ਇਹ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਇਸ ਦੇ ਬਾਵਜੂਦ ਮੁਕੱਦਮੇ ਦੀ ਕਾਰਵਾਈ ਨੂੰ ਅੱਗੇ ਵਧਾਉਣਾ ਚਾਹੀਦਾ ਹੈ ਅਤੇ ਸਜ਼ਾ ਸੁਣਾਏ ਜਾਣ ਸਮੇਂ ਉਹਨਾਂ ਕਾਰਕਾਂ ਨੂੰ ਵਿਚਾਰੇ ਜਾਣ ਲਈ ਅਦਾਲਤ ਅੱਗੇ ਪੇਸ਼ ਕਰਨਾ ਚਾਹੀਦਾ ਹੈ।

4.12 ਪ੍ਰੌਸੀਕਿਊਟਰਾਂ ਨੂੰ ਹੇਠਾਂ ਦਿੱਤੇ ਹਰੇਕ ਪ੍ਰਸ਼ਨ ਤੇ ਵਿਚਾਰ ਕਰਨਾ ਚਾਹੀਦਾ ਹੈ:

*a) ਕੀਤਾ ਗਿਆ ਜੁਰਮ ਕਿੰਨਾ ਸੰਗੀਨ ਹੈ?*

ਜੁਰਮ ਜਿੰਨਾ ਜ਼ਿਆਦਾ ਸੰਗੀਨ ਹੋਵੇਗਾ, ਓਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਮੁਕੱਦਮੇ ਦੀ ਲੋੜ ਹੈ।

ਕੀਤੇ ਗਏ ਜੁਰਮ ਦੀ ਸੰਗੀਨਤਾ ਦੇ ਪੱਧਰ ਬਾਰੇ ਫੈਸਲਾ ਕਰਦੇ ਸਮੇਂ, ਪ੍ਰੌਸੀਕਿਊਟਰਾਂ ਨੂੰ ਖੁਦ ਨੂੰ ਪ੍ਰਸ਼ਨ b) ਅਤੇ c) ਪੁੱਛਦੇ ਹੋਏ, ਵਿਚਾਰ ਕੀਤੇ ਜਾਣ ਵਾਲੇ ਕਾਰਕਾਂ ਦੇ ਵਿੱਚ ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਅਤੇ ਪੀੜਤ ਨੂੰ ਨੁਕਸਾਨ ਸ਼ਾਮਲ ਕਰਨਾ ਚਾਹੀਦਾ ਹੈ।

*b) ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਦਾ ਪੱਧਰ ਕੀ ਹੈ?*

ਸ਼ੱਕੀ ਵਿਅਕਤੀ ਦੀ ਦੋਸ਼ਪੂਰਨਤਾ ਦਾ ਪੱਧਰ ਜਿੰਨਾ ਵੱਧ ਹੋਵੇਗਾ, ਓਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਮੁਕੱਦਮੇ ਦੀ ਲੋੜ ਹੈ।

ਦੋਸ਼ਪੂਰਨਤਾ ਨੂੰ ਇਹਨਾਂ ਗੱਲਾਂ ਦੁਆਰਾ ਨਿਰਧਾਰਤ ਕੀਤੇ ਜਾਣ ਦੀ ਸੰਭਾਵਨਾ ਹੁੰਦੀ ਹੈ: ਸ਼ੱਕੀ ਵਿਅਕਤੀ ਦੀ ਸ਼ਮੂਲੀਅਤ ਦਾ ਪੱਧਰ; ਜੁਰਮ ਦੇ ਪਹਿਲਾਂ ਤੋਂ ਮਨਸੂਬਾ ਬੰਨ੍ਹਣ ਅਤੇ/ਜਾਂ ਯੋਜਨਾ ਬਣਾਏ ਜਾਣ ਦੀ ਹੱਦ; ਕੀ ਉਹਨਾਂ ਦੀਆਂ ਪਹਿਲੀਆਂ ਫ਼ੌਜਦਾਰੀ ਦੋਸ਼ ਸਿੱਧੀਆਂ ਅਤੇ/ਜਾਂ ਅਦਾਲਤ ਤੋਂ ਬਾਹਰ ਨਿਪਟਾਰੇ ਹਨ ਅਤੇ ਜ਼ਮਾਨਤ ਤੇ ਰਹਿੰਦੇ ਹੋਏ, ਜਾਂ ਕਿਸੇ ਅਦਾਲਤ ਦੇ ਆਦੇਸ਼ ਦੇ ਹੇਠ ਰਹਿੰਦੇ ਹੋਏ ਕੋਈ ਵੀ ਜੁਰਮ ਹਨ; ਕੀ ਜੁਰਮ ਕਰਨਾ ਜਾਰੀ ਰੱਖਿਆ ਗਿਆ ਸੀ, ਦੁਹਰਾਇਆ ਗਿਆ ਸੀ ਜਾਂ ਵਧਾਇਆ ਗਿਆ ਸੀ ਜਾਂ ਇਹਨਾਂ ਗੱਲਾਂ ਦੀ ਸੰਭਾਵਨਾ; ਅਤੇ ਸ਼ੱਕੀ ਵਿਅਕਤੀ ਦੀ ਉਮਰ ਅਤੇ ਪ੍ਰੌੜਤਾ (18 ਸਾਲ ਤੋਂ ਘੱਟ ਉਮਰ ਦੇ ਸ਼ੱਕੀ ਵਿਅਕਤੀਆਂ ਲਈ ਹੇਠਾਂ ਪੈਰਾ d) ਦੇਖੋ)।

ਦੋਸ਼ਪੂਰਨਤਾ ਤੇ ਵਿਚਾਰ ਕਰਦੇ ਸਮੇਂ ਪ੍ਰੌਸੀਕਿਊਟਰਾਂ ਨੂੰ ਇਸ ਗੱਲ ਵੀ ਧਿਆਨ ਦੇਣਾ ਚਾਹੀਦਾ ਹੈ ਕਿ ਕੀ ਸ਼ੱਕੀ ਵਿਅਕਤੀ ਕਿਸੇ ਵੱਡੀ ਮਾਨਸਿਕ ਜਾਂ ਸਰੀਰਕ ਬੀਮਾਰੀ ਤੋਂ ਪੀੜਤ ਹੈ, ਜਾਂ ਜੁਰਮ ਕਰਨ ਦੇ ਸਮੇਂ ਪੀੜਤ ਸੀ, ਕਿਉਂਕਿ ਕੁਝ ਹਾਲਾਤ ਵਿੱਚ ਇਸਦਾ ਇਹ ਮਤਲਬ ਹੋ ਸਕਦਾ ਹੈ ਕਿ ਮੁਕੱਦਮੇ ਦੇ ਲੋੜੀਂਦਾ ਹੋਣ ਦੀ ਘੱਟ ਸੰਭਾਵਨਾ ਹੈ। ਪਰ, ਪ੍ਰੌਸੀਕਿਊਟਰਾਂ ਨੂੰ ਇਸ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੋਵੇਗੀ ਕਿ ਜੁਰਮ ਕਿੰਨਾ ਸੰਗੀਨ ਸੀ, ਕੀ ਇਸ ਨੂੰ ਦੁਹਰਾਏ ਜਾਣ ਦੀ ਸੰਭਾਵਨਾ ਹੈ ਅਤੇ ਜਨਤਾ ਜਾਂ ਅਜਿਹੇ ਵਿਅਕਤੀਆਂ ਦੀ ਦੇਖਭਾਲ ਕਰਨ ਰਹੇ ਲੋਕਾਂ ਦੀ ਰੱਖਿਆ ਕਰਨ ਦੀ ਲੋੜ।

*c) ਪੀੜਤ ਦੇ ਹਾਲਾਤ ਕੀ ਹਨ ਅਤੇ ਉਸ ਨੂੰ ਕੀ ਨੁਕਸਾਨ ਪਹੁੰਚਾਇਆ ਗਿਆ ਹੈ?*

ਪੀੜਤ ਦੇ ਹਾਲਾਤ ਬਹੁਤ ਜ਼ਿਆਦਾ ਸਬੰਧਤ ਹਨ। ਪੀੜਿਤ ਦੀ ਅਸੁਰੱਖਿਅਤਾ ਜਿੰਨੀ ਵੱਧ ਹੋਵੇਗੀ, ਓਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਮੁਕੱਦਮੇ ਦੀ ਲੋੜ ਹੈ। ਇਸ ਵਿੱਚ ਉਹ ਹਾਲਾਤ ਸ਼ਾਮਲ ਹੈ ਜਿੱਥੇ ਸ਼ੱਕੀ ਵਿਅਕਤੀ ਅਤੇ ਪੀੜਤ ਦੇ ਵਿਚਕਾਰ ਭਰੋਸੇ ਜਾਂ ਅਧਿਕਾਰ ਦੀ ਸਥਿਤੀ ਮੌਜੂਦ ਹੈ।

ਮੁਕੱਦਮਾ ਚਲਾਏ ਜਾਣ ਦੀ ਸੰਭਾਵਨਾ ਤਾਂ ਵੀ ਜ਼ਿਆਦਾ ਹੁੰਦੀ ਹੈ ਜੇ ਜੁਰਮ ਕਿਸੇ ਅਜਿਹੇ ਪੀੜਤ ਦੇ ਖਿਲਾਫ਼ ਕੀਤਾ ਗਿਆ ਹੈ ਜੋ ਉਸ ਸਮੇਂ ਜਨਤਾ ਦੀ ਸੇਵਾ ਕਰ ਰਿਹਾ ਵਿਅਕਤੀ ਸੀ।

ਪ੍ਰੋਸੀਕਿਊਟਰਾਂ ਨੂੰ ਇਸ ਗੱਲ ਵੀ ਜ਼ਰੂਰ ਧਿਆਨ ਦੇਣਾ ਚਾਹੀਦਾ ਹੈ ਕਿ ਕੀ ਜੁਰਮ ਪੀੜਤ ਦੇ ਨਸਲੀ ਜਾਂ ਰਾਸ਼ਟਰੀ ਮੂਲ, ਲਿੰਗ, ਅਸਮਰਥਤਾ, ਉਮਰ, ਧਰਮ ਜਾਂ ਵਿਸ਼ਵਾਸ, ਜਿਨਸੀ ਝੁਕਾਅ ਜਾਂ ਲਿੰਗੀ ਪਛਾਣ ਖਿਲਾਫ਼ ਕਿਸੇ ਕਿਸਮ ਦੇ ਵਿਤਕਰੇ ਦੁਆਰਾ ਪ੍ਰੇਰਿਤ ਸੀ; ਜਾਂ ਸ਼ੱਕੀ ਵਿਅਕਤੀ ਨੇ ਉਹਨਾਂ ਵਿੱਚੋਂ ਕਿਸੇ ਵਿਸ਼ੇਸ਼ਤਾ ਦੇ ਅਧਾਰ ਤੇ ਪੀੜਤ ਦੇ ਪ੍ਰਤੀ ਵੈਰ-ਭਾਵ ਦਿਖਾਇਆ ਸੀ। ਅਜਿਹੀ ਕਿਸੇ ਵੀ ਪ੍ਰੇਰਣਾ ਜਾਂ ਵੈਰ-ਭਾਵ ਦੀ ਮੌਜੂਦਗੀ ਦਾ ਮਤਲਬ ਹੋਵੇਗਾ ਕਿ ਮੁਕੱਦਮੇ ਦੀ ਲੋੜ ਹੋਣ ਦੀ ਵਧੇਰੇ ਸੰਭਾਵਨਾ ਹੈ।

ਇਹ ਫੈਸਲਾ ਕਰਦੇ ਸਮੇਂ ਕਿ ਕੀ ਜਨਤਕ ਹਿੱਤ ਵਿੱਚ ਕਿਸੇ ਮੁਕੱਦਮੇ ਦੀ ਲੋੜ ਹੈ, ਪ੍ਰੋਸੀਕਿਊਟਰਾਂ ਨੂੰ ਜੁਰਮ ਦੇ ਪੀੜਤ ਤੇ ਪਏ ਪ੍ਰਭਾਵ ਬਾਰੇ ਪੀੜਤ ਦੁਆਰਾ ਪ੍ਰਗਟਾਏ ਗਏ ਕਿਸੇ ਵੀ ਵਿਚਾਰਾਂ ਨੂੰ ਧਿਆਨ ਹਿੱਤ ਰੱਖਣਾ ਚਾਹੀਦਾ ਹੈ। ਢੁਕਵੇਂ ਕੇਸਾਂ ਵਿੱਚ, ਇਸ ਵਿੱਚ ਪੀੜਤ ਦੇ ਪਰਿਵਾਰ ਦੇ ਵਿਚਾਰ ਵੀ ਸ਼ਾਮਲ ਹੋ ਸਕਦੇ ਹਨ।

ਹਮੇਸ਼ਾਂ ਜੁਰਮ ਦੀ ਸੰਗੀਨਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਪ੍ਰੋਸੀਕਿਊਟਰਾਂ ਨੂੰ ਇਸ ਬਾਰੇ ਵੀ ਵਿਚਾਰ ਕਰਨ ਦੀ ਲੋੜ ਹੁੰਦੀ ਹੈ ਕਿ ਕੀ ਮੁਕੱਦਮੇ ਦਾ ਪੀੜਤ ਵਿਅਕਤੀ ਦੀ ਸਰੀਰਕ ਜਾਂ ਮਾਨਸਿਕ ਸਿਹਤ ਤੇ ਕੋਈ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ। ਜੇ ਇਸ ਗੱਲ ਦਾ ਸਬੂਤ ਹੈ ਕਿ ਮੁਕੱਦਮੇ ਦਾ ਪੀੜਤ ਦੀ ਸਿਹਤ ਦੇ ਮਾੜਾ ਅਸਰ ਹੋਣ ਦੀ ਸੰਭਾਵਨਾ ਹੈ ਤਾਂ, ਪੀੜਤ ਦੇ ਵਿਚਾਰਾਂ ਨੂੰ ਧਿਆਨ ਵਿੱਚ ਲੈਂਦੇ ਹੋਏ, ਇਸ ਨਾਲ ਸ਼ਾਇਦ ਮੁਕੱਦਮੇ ਦੀ ਸੰਭਾਵਨਾ ਘੱਟ ਸਕਦੀ ਹੈ।

ਪਰ, CPS ਪੀੜਤਾਂ ਜਾਂ ਉਹਨਾਂ ਦੇ ਪਰਿਵਾਰਾਂ ਲਈ ਉਸ ਢੰਗ ਨਾਲ ਕੰਮ ਨਹੀਂ ਕਰਦੀ ਜਿਵੇਂ ਵਕੀਲ ਆਪਣੇ ਮੁਵੱਕਿਲਾਂ ਲਈ ਕਰਦੇ ਹਨ, ਅਤੇ ਪ੍ਰੋਸੀਕਿਊਟਰਾਂ ਨੂੰ ਜਨਤਕ ਹਿੱਤ ਦਾ ਇੱਕ ਸਮੁੱਚਾ ਦ੍ਰਿਸ਼ਟੀਕੋਣ ਜ਼ਰੂਰ ਬਣਾਉਣਾ ਚਾਹੀਦਾ ਹੈ।

*d) ਕੀ ਜੁਰਮ ਕਰਨ ਦੇ ਸਮੇਂ ਸ਼ੱਕੀ ਵਿਅਕਤੀ ਦੀ ਉਮਰ 18 ਸਾਲ ਤੋਂ ਘੱਟ ਸੀ?*

ਅਪਰਾਧਿਕ ਨਿਆਂ ਪ੍ਰਣਾਲੀ ਬੱਚਿਆਂ ਅਤੇ ਨੌਜਵਾਨਾਂ ਦੇ ਨਾਲ ਬਾਲਗਾਂ ਤੋਂ ਵੱਖਰੇ ਤਰੀਕੇ ਨਾਲ ਵਿਹਾਰ ਕਰਦੀ ਹੈ ਅਤੇ ਜੇ ਸ਼ੱਕੀ ਵਿਅਕਤੀ ਬੱਚਾ ਜਾਂ 18 ਸਾਲ ਤੋਂ ਘੱਟ ਉਮਰ ਦਾ ਨੌਜਵਾਨ ਹੈ ਤਾਂ ਉਸ ਦੀ ਉਮਰ ਨੂੰ ਕਾਫੀ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਬੱਚੇ ਜਾਂ ਨੌਜਵਾਨ ਦੇ ਸਭ ਤੋਂ ਵਧੀਆ ਹਿੱਤਾਂ ਅਤੇ ਭਲਾਈ ਤੇ ਲਾਜ਼ਮੀ ਤੌਰ ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਜਿਸ ਵਿੱਚ ਇਹ ਵੀ ਸ਼ਾਮਲ ਹੈ ਕਿ ਕੀ ਮੁਕੱਦਮੇ ਦਾ ਉਸ ਦੀਆਂ ਭਵਿੱਖ ਦੀਆਂ ਸੰਭਾਵਨਾਵਾਂ ਤੇ ਮਾੜਾ ਪ੍ਰਭਾਵ ਪੈਣ ਦੀ ਸੰਭਾਵਨਾ ਹੈ ਜੋ ਕਿ ਜੁਰਮ

ਦੀ ਸੰਗੀਨਤਾ ਦੇ ਨਾਲ ਮੇਲ ਨਹੀਂ ਖਾਂਦਾ ਹੈ। ਪ੍ਰੌਸੀਕਿਊਟਰਾਂ ਨੂੰ ਨੌਜਵਾਨ ਨਿਆਂ ਪ੍ਰਣਾਲੀ ਦੇ ਪ੍ਰਮੁੱਖ ਟੀਚੇ ਦਾ ਧਿਆਨ ਜ਼ਰੂਰ ਰੱਖਣਾ ਚਾਹੀਦਾ ਹੈ, ਜੋ ਕਿ ਬੱਚਿਆਂ ਅਤੇ ਨੌਜਵਾਨਾਂ ਦੁਆਰਾ ਜੁਰਮ ਕੀਤੇ ਜਾਣ ਨੂੰ ਰੋਕਣਾ ਹੈ। ਪ੍ਰੌਸੀਕਿਊਟਰਾਂ ਨੂੰ ਸੰਯੁਕਤ ਰਾਸ਼ਟਰ ਦੇ 1989 ਬੱਚੇ ਦੇ ਅਧਿਕਾਰਾਂ ਦੇ ਸੰਮੇਲਨ (United Nations 1989 Convention on the Rights of the Child) ਦੇ ਤਹਿਤ ਪੈਦਾ ਹੋਣ ਵਾਲੀਆਂ ਜ਼ੁੰਮੇਵਾਰੀਆਂ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ।

ਸ਼ੁਰੂਆਤੀ ਬਿੰਦੂ ਦੇ ਰੂਪ ਵਿੱਚ, ਸ਼ੱਕੀ ਵਿਅਕਤੀ ਦੀ ਉਮਰ ਜਿੰਨੀ ਘੱਟ ਹੋਵੇਗੀ, ਮੁਕੱਦਮੇ ਦੀ ਲੋੜ ਹੋਣ ਦੀ ਸੰਭਾਵਨਾ ਓਨੀ ਹੀ ਘੱਟ ਹੋਵੇਗੀ।

ਪਰ, ਅਜਿਹੇ ਹਾਲਾਤ ਹੋ ਸਕਦੇ ਹਨ ਜਿਨ੍ਹਾਂ ਦਾ ਮਤਲਬ ਹੈ ਕਿ ਸ਼ੱਕੀ ਵਿਅਕਤੀ ਦੇ 18 ਸਾਲ ਤੋਂ ਘੱਟ ਹੋਣ ਦੇ ਬਾਵਜੂਦ, ਮੁਕੱਦਮਾ ਜਨਤਕ ਹਿੱਤ ਵਿੱਚ ਹੈ। ਇਹਨਾਂ ਵਿੱਚ ਸ਼ਾਮਲ ਹੈ ਜਿੱਥੇ ਕੀਤਾ ਗਿਆ ਜੁਰਮ ਸੰਗੀਨ ਹੈ, ਜਿੱਥੇ ਸ਼ੱਕੀ ਵਿਅਕਤੀ ਦਾ ਪਿਛਲਾ ਰਿਕਾਰਡ ਦਰਸਾਉਂਦਾ ਹੈ ਕਿ ਮੁਕੱਦਮਾ ਚਲਾਉਣ ਦਾ ਕੋਈ ਉਚਿਤ ਵਿਕਲਪ ਨਹੀਂ ਹੈ, ਜਾਂ ਜਿੱਥੇ ਜੁਰਮ ਦੇ ਇਕਬਾਲ ਦੇ ਨਾ ਹੋਣ ਦਾ ਮਤਲਬ ਹੈ ਕਿ ਅਦਾਲਤ ਤੋਂ ਬਾਹਰ ਦੇ ਨਿਪਟਾਰੇ, ਜਿਨ੍ਹਾਂ ਨੇ ਜੁਰਮ ਕਰਨ ਵਾਲੇ ਵਿਹਾਰ ਵੱਲ ਧਿਆਨ ਦਿੱਤਾ ਹੁੰਦਾ, ਮੌਜੂਦ ਨਹੀਂ ਹਨ।

*e) ਭਾਈਚਾਰੇ ਤੇ ਕੀ ਅਸਰ ਹੋਇਆ ਹੈ?*

ਜੁਰਮ ਕਰਨ ਦਾ ਭਾਈਚਾਰੇ ਤੇ ਅਸਰ ਜਿੰਨਾ ਵੱਧ ਹੋਵੇਗਾ, ਓਨੀ ਹੀ ਜ਼ਿਆਦਾ ਸੰਭਾਵਨਾ ਹੈ ਕਿ ਮੁਕੱਦਮੇ ਦੀ ਲੋੜ ਹੈ। ਇਸ ਪ੍ਰਸ਼ਨ ਤੇ ਵਿਚਾਰ ਕਰਦੇ ਸਮੇਂ, ਪ੍ਰੌਸੀਕਿਊਟਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਕਿਵੇਂ ਭਾਈਚਾਰਾ ਵਧੇਰੇ ਲੋਕਾਂ ਨੂੰ ਸ਼ਾਮਲ ਕਰਨ ਵਾਲਾ ਇੱਕ ਸ਼ਬਦ ਹੈ ਅਤੇ ਇਹ ਸਥਾਨ ਦੁਆਰਾ ਪਰਿਭਾਸ਼ਿਤ ਭਾਈਚਾਰਿਆਂ ਤਕ ਹੀ ਸੀਮਿਤ ਨਹੀਂ ਹੈ।

*f) ਕੀ ਮੁਕੱਦਮਾ ਚਲਾਉਣਾ ਇੱਕ ਢੁਕਵੀਂ ਪ੍ਰਤਿਕਿਰਿਆ ਹੈ?*

ਪ੍ਰੌਸੀਕਿਊਟਰਾਂ ਨੂੰ ਇਸ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਮੁਕੱਦਮਾ ਸੰਭਾਵੀ ਨਤੀਜੇ ਦੇ ਅਨੁਰੂਪ ਹੈ, ਅਤੇ ਇਸ ਤਰ੍ਹਾਂ ਹੇਠਾਂ ਦਿੱਤੇ ਕੰਮ ਕਰਨਾ ਵਿਚਾਰ ਅਧੀਨ ਕੇਸ ਦੇ ਨਾਲ ਸਬੰਧਤ ਹੋ ਸਕਦਾ ਹੈ:

- CPS ਅਤੇ ਵਿਆਪਕ ਅਪਰਾਧਿਕ ਨਿਆਂ ਪ੍ਰਣਾਲੀ ਨੂੰ ਲਾਗਤ, ਖਾਸ ਕਰਕੇ ਜਿੱਥੇ ਕਿਸੇ ਸੰਭਾਵੀ ਜੁਰਮਾਨੇ ਦੇ ਨਾਲ ਤੁਲਨਾ ਕਰਦੇ ਸਮੇਂ ਇਸ ਨੂੰ ਬਹੁਤ ਜ਼ਿਆਦਾ ਸਮਝਿਆ ਜਾ ਸਕਦਾ ਹੋਵੇ। (ਪ੍ਰੌਸੀਕਿਊਟਰਾਂ ਨੂੰ ਸਿਰਫ ਇਸ ਕਾਰਕ ਦੇ ਅਧਾਰ ਤੇ ਜਨਤਕ ਹਿੱਤ ਬਾਰੇ ਫੈਸਲਾ ਨਹੀਂ ਕਰਨਾ

ਚਾਹੀਦਾ। ਇਹ ਜ਼ਰੂਰੀ ਹੈ ਕਿ ਪੈਰ੍ਹਿਆਂ 4.12 a) ਤੋਂ g) ਵਿੱਚ ਦੂਜੇ ਪ੍ਰਸ਼ਨਾਂ ਤੇ ਵਿਚਾਰ ਕਰਦੇ ਸਮੇਂ ਪਛਾਣੇ ਗਏ ਜਨਤਕ ਹਿੱਤ ਦੇ ਕਾਰਕਾਂ ਤੇ ਵੀ ਧਿਆਨ ਦਿੱਤਾ ਜਾਵੇ, ਪਰ ਜਨਤਕ ਹਿੱਤ ਦਾ ਕੁੱਲ ਮੁਲਾਂਕਣ ਕਰਦੇ ਸਮੇਂ ਲਾਗਤ ਇੱਕ ਸਬੰਧਤ ਕਾਰਕ ਹੈ।)

- ਕੇਸ ਇੱਕ ਅਜਿਹੇ ਤਰੀਕੇ ਨਾਲ ਮੁਕੱਦਮਾ ਚਲਾਏ ਜਾਣ ਦੇ ਕਾਬਲ ਹੋਣੇ ਚਾਹੀਦੇ ਹਨ ਜੋ ਪ੍ਰਭਾਵੀ ਕੇਸ ਪ੍ਰਬੰਧਨ ਦੇ ਸਿਧਾਂਤਾਂ ਦੇ ਨਾਲ ਮੇਲ ਖਾਂਦਾ ਹੋਵੇ। ਉਦਾਹਰਨ ਲਈ, ਇੱਕ ਤੋਂ ਵੱਧ ਸ਼ੱਕੀ ਵਿਅਕਤੀਆਂ ਦੀ ਸ਼ਮੂਲੀਅਤ ਵਾਲੇ ਕੇਸਾਂ ਵਿੱਚ, ਬਹੁਤ ਜ਼ਿਆਦਾ ਲੰਬੀਆਂ ਅਤੇ ਪੇਚੀਦਾ ਕਾਰਵਾਈਆਂ ਤੋਂ ਬਚਣ ਲਈ ਮੁਕੱਦਮੇ ਨੂੰ ਮੁੱਖ ਭਾਗੀਦਾਰਾਂ ਲਈ ਰਾਖਵਾਂ ਕੀਤਾ ਜਾ ਸਕਦਾ ਹੈ।

g) *ਕੀ ਜਾਣਕਾਰੀ ਦੇ ਸ੍ਰੋਤਾਂ ਦੀ ਰੱਖਿਆ ਕੀਤੇ ਜਾਣ ਦੀ ਲੋੜ ਹੈ?*

ਉਹਨਾਂ ਕੇਸਾਂ ਵਿੱਚ ਜਿੱਥੇ ਜਨਤਕ ਹਿੱਤ ਦਾ ਬਚਾਅ ਲਾਗੂ ਨਹੀਂ ਹੁੰਦਾ ਹੈ, ਉਹਨਾਂ ਮੁਕੱਦਮਿਆਂ ਨਾਲ ਅੱਗੇ ਵਧਣ ਵਿੱਚ ਖਾਸ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਜਿੱਥੇ ਅਜਿਹੇ ਵੇਰਵਿਆਂ ਨੂੰ ਜਨਤਕ ਕੀਤੇ ਜਾਣ ਦੀ ਲੋੜ ਹੋ ਸਕਦੀ ਹੈ ਜੋ ਜਾਣਕਾਰੀ ਦੇ ਸ੍ਰੋਤਾਂ, ਅੰਤਰਰਾਸ਼ਟਰੀ ਸਬੰਧਾਂ ਜਾਂ ਰਾਸ਼ਟਰੀ ਸੁਰੱਖਿਆ ਨੂੰ ਨੁਕਸਾਨ ਪਹੁੰਚਾ ਸਕਦੇ ਹੋਣ। ਇਹ ਜ਼ਰੂਰੀ ਹੈ ਕਿ ਅਜਿਹੇ ਕੇਸਾਂ ਨੂੰ ਨਿਰੰਤਰ ਸਮੀਖਿਆ ਦੇ ਅਧੀਨ ਰੱਖਿਆ ਜਾਵੇ।

## ਥ੍ਰੈਸ਼ਹੋਲਡ ਟੈਸਟ (ਸ਼ੁਰੂਆਤ ਕਰਨ ਦੀ ਜਾਂਚ)

5.1 ਥ੍ਰੈਸ਼ਹੋਲਡ ਟੈਸਟ ਸਿਰਫ ਉੱਥੇ ਲਾਗੂ ਕੀਤਾ ਜਾ ਸਕਦਾ ਹੈ ਜਿੱਥੇ ਸ਼ੱਕੀ ਵਿਅਕਤੀ ਜ਼ਮਾਨਤ ਲਈ ਵੱਡਾ ਖ਼ਤਰਾ ਪੇਸ਼ ਕਰਦਾ ਹੈ ਅਤੇ ਜਿਸ ਸਮੇਂ ਸਾਰਾ ਸਬੂਤ ਉਪਲਬਧ ਨਾ ਹੋਵੇ ਤਾਂ ਉਸਨੂੰ ਹਿਰਾਸਤ ਤੋਂ ਰਿਹਾਅ ਕੀਤਾ ਜਾਣਾ ਲਾਜ਼ਮੀ ਹੁੰਦਾ ਹੈ ਜਦ ਤਕ ਕਿ ਉਸ ਤੇ ਦੋਸ਼ ਨਾ ਦਾਇਰ ਕੀਤੇ ਗਏ ਹੋਣ।

### ਥ੍ਰੈਸ਼ਹੋਲਡ ਟੈਸਟ ਨੂੰ ਕਦੋਂ ਲਾਗੂ ਕੀਤਾ ਜਾ ਸਕਦਾ ਹੈ

5.2 ਪ੍ਰੋਸੀਕਿਊਟਰ ਨੂੰ ਇਹ ਜ਼ਰੂਰ ਨਿਰਧਾਰਤ ਕਰਨਾ ਚਾਹੀਦਾ ਹੈ ਕਿ ਕੀ ਹੇਠਾਂ ਦਿੱਤੀਆਂ ਸ਼ਰਤਾਂ ਪੂਰੀਆਂ ਹੁੰਦੀਆਂ ਹਨ:

a) ਮੁਕੰਮਲ ਨਿਯਮਾਵਲੀ ਜਾਂਚ ਦਾ ਸਬੂਤ ਵਾਲਾ ਪੜਾਅ ਲਾਗੂ ਕਰਨ ਲਈ ਫਿਲਹਾਲ ਉਪਲਬਧ ਸਬੂਤ ਕਾਫੀ ਨਹੀਂ ਹੈ; ਅਤੇ

b) ਇਹ ਵਿਸ਼ਵਾਸ ਕਰਨ ਦੇ ਉਚਿਤ ਅਧਾਰ ਹਨ ਕਿ ਇਕ ਮੁਨਾਸਬ ਮਿਆਦ ਦੇ ਅੰਦਰ ਅੱਗੇ ਹੋਰ ਸਬੂਤ ਉਪਲਬਧ ਹੋ ਜਾਵੇਗਾ; ਅਤੇ

c) ਕੇਸ ਦੀ ਸੰਗੀਨਤਾ ਜਾਂ ਹਾਲਾਤ ਫ਼ੌਰੀ ਦੋਸ਼ ਲਾਉਣ ਦੇ ਕਿਸੇ ਫੈਸਲੇ ਨੂੰ ਨਿਆਂਸੰਗਤ ਠਹਿਰਾਉਂਦੇ ਹਨ; ਅਤੇ

d) ਜ਼ਮਾਨਤ ਕਾਨੂੰਨ (Bail Act) 1976 ਦੇ ਮੁਤਾਬਕ ਜ਼ਮਾਨਤ ਤੇ ਇਤਰਾਜ਼ ਕਰਨ ਦੇ ਨਿਰੰਤਰ ਮਹੱਤਵਪੂਰਨ ਅਧਾਰ ਹਨ ਅਤੇ ਕੇਸ ਦੇ ਸਾਰੇ ਹਾਲਾਤ ਵਿੱਚ, ਅਜਿਹਾ ਕਰਨਾ ਸਹੀ ਹੈ।

5.3 ਜਿੱਥੇ ਉਪਰੋਕਤ ਵਿੱਚੋਂ ਕੋਈ ਵੀ ਸ਼ਰਤ ਪੂਰੀ ਨਹੀਂ ਕੀਤੀ ਜਾਂਦੀ, ਤਾਂ ਥ੍ਰੈਸ਼ਹੋਲਡ ਟੈਸਟ ਨੂੰ ਲਾਗੂ ਨਹੀਂ ਕੀਤਾ ਜਾ ਸਕਦਾ ਅਤੇ ਸ਼ੱਕੀ ਵਿਅਕਤੀ ਤੇ ਦੋਸ਼ ਨਹੀਂ ਲਗਾਇਆ ਜਾ ਸਕਦਾ। ਕਸਟਡੀ ਆਫ਼ਿਸਰ ਨੂੰ ਲਾਜ਼ਮੀ ਤੌਰ ਤੇ ਇਹ ਫੈਸਲਾ ਕਰਨਾ ਚਾਹੀਦਾ ਹੈ ਕਿ ਕੀ ਵਿਅਕਤੀ ਦੀ ਨਜ਼ਰਬੰਦੀ ਜਾਰੀ ਰੱਖੀ ਜਾਣੀ ਚਾਹੀਦੀ ਹੈ ਜਾਂ ਉਸਨੂੰ, ਸ਼ਰਤਾਂ ਦੇ ਨਾਲ ਜਾਂ ਬਿਨਾਂ, ਜ਼ਮਾਨਤ ਤੇ ਰਿਹਾਅ ਕੀਤਾ ਜਾ ਸਕਦਾ ਹੈ।

5.4 ਥ੍ਰੈਸ਼ਹੋਲਡ ਟੈਸਟ ਤੇ ਸਬੂਤ ਸਬੰਧੀ ਸੋਚ-ਵਿਚਾਰ ਦੇ ਦੋ ਹਿੱਸੇ ਹਨ।

### ਥ੍ਰੈਸ਼ਹੋਲਡ ਟੈਸਟ ਦਾ ਪਹਿਲਾ ਹਿੱਸਾ - ਕੀ ਕੋਈ ਵਾਜਬ ਸ਼ੱਕ ਹੈ?

5.5 ਪ੍ਰੋਸੀਕਿਊਟਰਾਂ ਨੂੰ ਲਾਜ਼ਮੀ ਤੌਰ ਤੇ ਤਸੱਲੀ ਹੋਣੀ ਚਾਹੀਦੀ ਹੈ ਕਿ ਘੱਟੋ-ਘੱਟ ਇਹ ਵਾਜਬ ਸ਼ੱਕ ਹੈ ਕਿ ਜਿਸ ਵਿਅਕਤੀ ਦੇ ਦੋਸ਼ ਲਗਾਇਆ ਜਾਣਾ ਹੈ ਉਸ ਨੇ ਜੁਰਮ ਕੀਤਾ ਹੈ।

5.6 ਇਹ ਨਿਰਧਾਰਤ ਕਰਦੇ ਸਮੇਂ, ਪ੍ਰੌਸੀਕਿਊਟਰਾਂ ਨੂੰ ਉਸ ਸਮੇਂ ਉਪਲਬਧ ਸਬੂਤਾਂ ਤੇ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਇਹ ਗਵਾਹ ਦੇ ਬਿਆਨਾਂ, ਸਮੱਗਰੀ ਜਾਂ ਹੋਰ ਜਾਣਕਾਰੀ ਦੇ ਰੂਪ ਵਿੱਚ ਹੋ ਸਕਦਾ ਹੈ, ਬਸ਼ਰਤੇ ਪ੍ਰੌਸੀਕਿਊਟਰ ਨੂੰ ਤਸੱਲੀ ਹੋਵੇ ਕਿ:

a) ਇਹ ਸਬੰਧਤ ਹੈ; ਅਤੇ
b) ਇਹ ਅਦਾਲਤ ਵਿੱਚ ਪੇਸ਼ ਕੀਤੇ ਜਾਣ ਲਈ ਕਿਸੇ ਮੰਨਣਯੋਗ ਰੂਪ ਵਿੱਚ ਬਦਲੇ ਜਾਣ ਦੇ ਕਾਬਲ ਹੈ; ਅਤੇ
c) ਇਸਨੂੰ ਕੇਸ ਵਿੱਚ ਵਰਤਿਆ ਜਾਵੇਗਾ।

5.7 ਜੇ ਇਸ ਤੇ ਤਸੱਲੀ ਹੋ ਜਾਵੇ ਤਾਂ ਫੇਰ ਪ੍ਰੌਸੀਕਿਊਟਰ ਨੂੰ ਥ੍ਰੈਸ਼ਹੋਲਡ ਟੈਸਟ ਦੇ ਦੂਜੇ ਹਿੱਸੇ ਤੇ ਵਿਚਾਰ ਕਰਨਾ ਚਾਹੀਦਾ ਹੈ।

**ਥ੍ਰੈਸ਼ਹੋਲਡ ਟੈਸਟ ਦਾ ਦੂਜਾ ਹਿੱਸਾ - ਕੀ ਦੋਸ਼ ਸਿੱਧੀ ਦੀ ਯਥਾਰਥਕ ਸੰਭਾਵਨਾ ਮੁਹੱਈਆ ਕਰਨ ਲਈ ਅੱਗੇ ਹੋਰ ਸਬੂਤ ਇਕੱਠਾ ਕੀਤਾ ਜਾ ਸਕਦਾ ਹੈ?**

5.8 ਪ੍ਰੌਸੀਕਿਊਟਰ ਨੂੰ ਲਾਜ਼ਮੀ ਤੌਰ ਤੇ ਤਸੱਲੀ ਹੋਣੀ ਚਾਹੀਦੀ ਹੈ ਕਿ ਇਹ ਮੰਨਣ ਦੇ ਵਾਜਬ ਅਧਾਰ ਹਨ ਕਿ ਮੁਨਾਸਬ ਸਮਾਂ ਮਿਆਦ ਦੇ ਅੰਦਰ, ਤਫ਼ਤੀਸ਼ ਨੂੰ ਜਾਰੀ ਰੱਖਣ ਨਾਲ ਅੱਗੇ ਹੋਰ ਸਬੂਤ ਮਿਲਣਗੇ, ਤਾਂ ਜੋ ਇਕੱਠੇ ਮਿਲਾ ਕੇ ਸਾਰੇ ਸਬੂਤ ਮੁਕੰਮਲ ਨਿਯਮਾਵਲੀ ਜਾਂਚ ਦੇ ਮੁਤਾਬਕ ਦੋਸ਼ ਸਿੱਧੀ ਦੀ ਯਥਾਰਥਕ ਸੰਭਾਵਨਾ ਨੂੰ ਸਥਾਪਤ ਕਰਨ ਦੇ ਸਮਰੱਥ ਹੋਣ।

5.9 ਅਗਲੇਰਾ ਸਬੂਤ ਲਾਜ਼ਮੀ ਤੌਰ ਤੇ ਪਛਾਣਨਯੋਗ ਹੋਣਾ ਚਾਹੀਦਾ ਹੈ ਅਤੇ ਸਿਰਫ ਕਿਆਸੀ ਨਹੀਂ ਹੋਣਾ ਚਾਹੀਦਾ।

5.10 ਇਸ ਫੈਸਲੇ ਤੇ ਪਹੁੰਚਣ ਵਿੱਚ ਪ੍ਰੌਸੀਕਿਊਟਰਾਂ ਨੂੰ ਲਾਜ਼ਮੀ ਤੌਰ ਤੇ ਇਹਨਾਂ ਗੱਲਾਂ ਤੇ ਵਿਚਾਰ ਕਰਨਾ ਚਾਹੀਦਾ ਹੈ:

a) ਕਿਸੇ ਵੀ ਸੰਭਾਵੀ ਅਗਲੇਰੇ ਸਬੂਤ ਦੀ ਪ੍ਰਕਿਰਤੀ, ਹੱਦ ਅਤੇ ਮੰਨਣਯੋਗਤਾ ਅਤੇ ਇਸ ਦਾ ਕੇਸ ਤੇ ਕੀ ਅਸਰ ਪਵੇਗਾ;
b) ਉਹ ਦੋਸ਼ ਜਿਨ੍ਹਾਂ ਦੀ ਸਾਰੇ ਸਬੂਤ ਹਿਮਾਇਤ ਕਰਨਗੇ;
c) ਇਸ ਦੇ ਕਾਰਨ ਕਿ ਸਬੂਤ ਪਹਿਲਾਂ ਤੋਂ ਉਪਲਬਧ ਕਿਉਂ ਨਹੀਂ ਹੈ;

d) ਅਗਲੇਰਾ ਸਬੂਤ ਪ੍ਰਾਪਤ ਕਰਨ ਲਈ ਲੋੜੀਂਦਾ ਸਮਾਂ ਅਤੇ ਕੀ ਇਸਦੇ ਨਤੀਜੇ ਵਜੋਂ ਹੋਣ ਵਾਲੀ ਕੋਈ ਵੀ ਦੇਰੀ ਸਾਰੇ ਹਾਲਾਤ ਵਿੱਚ ਵਾਜਬ ਹੈ।

5.11 ਜੇ ਥ੍ਰੈਸ਼ਹੋਲਡ ਟੈਸਟ ਦੇ ਦੋਵੇਂ ਹਿੱਸਿਆਂ ਦੀ ਤਸੱਲੀ ਹੋ ਜਾਂਦੀ ਹੈ ਤਾਂ ਪ੍ਰੌਸੀਕਿਊਟਰ ਨੂੰ ਲਾਜ਼ਮੀ ਤੌਰ ਤੇ ਉਸ ਸਮੇਂ ਉਪਲਬਧ ਜਾਣਕਾਰੀ ਤੇ ਅਧਾਰਤ ਮੁਕੰਮਲ ਨਿਯਮਾਵਲੀ ਜਾਂਚ ਦੇ ਜਨਤਕ ਹਿੱਤ ਵਾਲੇ ਪੜਾਅ ਨੂੰ ਲਾਗੂ ਕਰਨਾ ਚਾਹੀਦਾ ਹੈ।

**ਥ੍ਰੈਸ਼ਹੋਲਡ ਟੈਸਟ ਦੀ ਸਮੀਖਿਆ ਕਰਨੀ**

5.12 ਥ੍ਰੈਸ਼ਹੋਲਡ ਟੈਸਟ ਦੇ ਤਹਿਤ ਦੋਸ਼ ਲਗਾਉਣ ਦਾ ਫੈਸਲਾ ਲਾਜ਼ਮੀ ਤੌਰ ਤੇ ਸਮੀਖਿਆ ਹੇਠ ਰੱਖਣਾ ਚਾਹੀਦਾ ਹੈ। ਸਬੂਤਾਂ ਦਾ ਬਕਾਇਦਾ ਮੁਲਾਂਕਣ ਕਰਨਾ ਜ਼ਰੂਰੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੋਸ਼ ਅਜੇ ਢੁੱਕਵਾਂ ਹੈ ਅਤੇ ਜ਼ਮਾਨਤ ਲਈ ਨਿਰੰਤਰ ਕੀਤਾ ਜਾ ਰਿਹਾ ਇਤਰਾਜ਼ ਨਿਆਂਸੰਗਤ ਹੈ। ਮੁਕੰਮਲ ਨਿਯਮਾਵਲੀ ਜਾਂਚ ਨੂੰ ਜਿੰਨਾ ਜਲਦੀ ਉਚਿਤ ਰੂਪ ਵਿੱਚ ਵਿਹਾਰਕ ਹੋਵੇ, ਅਤੇ ਕਿਸੇ ਵੀ ਸੂਰਤ ਵਿੱਚ ਕੋਈ ਵੀ ਲਾਗੂ ਹੁੰਦੀ ਹਿਰਾਸਤ ਦੀ ਸਮਾਂ ਸੀਮਾ ਦੀ ਮਿਆਦ ਪੁੱਗਣ ਤੋਂ ਪਹਿਲਾਂ, ਲਾਗੂ ਜ਼ਰੂਰ ਕੀਤਾ ਜਾਣਾ ਚਾਹੀਦਾ ਹੈ।

## ਦੋਸ਼ਾਂ ਦੀ ਚੋਣ

6.1 ਪ੍ਰੌਸੀਕਿਊਟਰਾਂ ਨੂੰ ਅਜਿਹੇ ਦੋਸ਼ਾਂ ਦੀ ਚੋਣ ਕਰਨੀ ਚਾਹੀਦੀ ਹੈ ਜਿਹੜੇ:

a) ਸਬੂਤ ਦੀ ਹਮਾਇਤ ਨਾਲ ਜੁਰਮ ਕਰਨ ਦੀ ਸੰਗੀਨਤਾ ਅਤੇ ਹੱਦ ਨੂੰ ਪ੍ਰਤਿਬਿੰਬਤ ਕਰਦੇ ਹੋਣ;

b) ਅਦਾਲਤ ਨੂੰ ਸਜ਼ਾ ਦੇਣ ਅਤੇ ਦੋਸ਼ ਸਿੱਧ ਕਰਨ ਤੋਂ ਬਾਅਦ ਉਚਿਤ ਆਦੇਸ਼ ਜਾਰੀ ਕਰਨ ਦੀਆਂ ਢੁਕਵੀਆਂ ਸ਼ਕਤੀਆਂ ਦਿੰਦੇ ਹੋਣ; ਅਤੇ

c) ਕੇਸ ਨੂੰ ਕਿਸੇ ਸਪਸ਼ਟ ਅਤੇ ਸਰਲ ਢੰਗ ਨਾਲ ਪੇਸ਼ ਕੀਤੇ ਜਾਣ ਯੋਗ ਬਣਾਉਂਦੇ ਹੋਣ।

6.2 ਇਸਦਾ ਮਤਲਬ ਹੈ ਹੋ ਸਕਦਾ ਹੈ ਕਿ ਜਿੱਥੇ ਕੋਈ ਚੋਣ ਹੋਵੇ, ਉੱਥੇ ਪ੍ਰੌਸੀਕਿਊਟਰ ਹਮੇਸ਼ਾਂ ਹੀ ਸਭ ਤੋਂ ਵੱਧ ਸੰਗੀਨ ਦੋਸ਼ ਦੀ ਚੋਣ ਨਾ ਕਰ ਸਕਣ ਜਾਂ ਉਸ ਨਾਲ ਅੱਗੇ ਨਾ ਵੱਧ ਸਕਣ।

6.3 ਪ੍ਰੌਸੀਕਿਊਟਰਾਂ ਨੂੰ ਕਦੇ ਵੀ ਸਿਰਫ ਮੁਦਾਲਾ ਨੂੰ ਕੁਝ ਕੁ ਦੋਸ਼ਾਂ ਵਾਸਤੇ ਕਸੂਰ ਮੰਨਣ ਲਈ ਪ੍ਰੇਰਿਤ ਕਰਨ ਵਾਸਤੇ ਲੋੜੀਂਦੇ ਦੋਸ਼ਾਂ ਤੋਂ ਵਧੇਰੇ ਦੋਸ਼ਾਂ ਨਾਲ ਅੱਗੇ ਨਹੀਂ ਵਧਣਾ ਚਾਹੀਦਾ। ਇਸੇ ਤਰ੍ਹਾਂ ਉਹਨਾਂ ਨੂੰ ਕਦੇ ਵੀ ਸਿਰਫ ਕਿਸੇ ਮੁਦਾਲਾ ਨੂੰ ਕਿਸੇ ਘੱਟ ਸੰਗੀਨ ਦੋਸ਼ ਦਾ ਕਸੂਰ ਮੰਨਣ ਲਈ ਪ੍ਰੇਰਿਤ ਕਰਨ ਵਾਸਤੇ ਕਿਸੇ ਵਧੇਰੇ ਸੰਗੀਨ ਦੋਸ਼ ਨਾਲ ਅੱਗੇ ਨਹੀਂ ਵਧਣਾ ਚਾਹੀਦਾ।

6.4 ਪ੍ਰੌਸੀਕਿਊਟਰਾਂ ਨੂੰ ਸਿਰਫ ਅਦਾਲਤ ਜਾਂ ਮੁਦਾਲਾ ਦੁਆਰਾ ਇਸ ਬਾਰੇ ਕੀਤੇ ਗਏ ਫੈਸਲੇ ਕਿ ਕੇਸ ਦੀ ਸੁਣਵਾਈ ਕਿੱਥੇ ਹੋਵੇਗੀ, ਕਰਕੇ ਦੋਸ਼ ਵਿੱਚ ਤਬਦੀਲੀ ਨਹੀਂ ਕਰਨੀ ਚਾਹੀਦੀ।

6.5 ਦੋਸ਼ ਲਗਾਉਣ ਤੋਂ ਬਾਅਦ ਜਦੋਂ ਕੇਸ ਅੱਗੇ ਵੱਧਦਾ ਹੈ ਤਾਂ ਪ੍ਰੌਸੀਕਿਊਟਰਾਂ ਨੂੰ ਲਾਜ਼ਮੀ ਤੌਰ ਤੇ ਹਾਲਾਤ ਵਿੱਚ ਕਿਸੇ ਵੀ ਸਬੰਧਤ ਤਬਦੀਲੀ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

# ਅਦਾਲਤ ਤੋਂ ਬਾਹਰ ਨਿਪਟਾਰੇ

7.1 ਅਦਾਲਤ ਤੋਂ ਬਾਹਰ ਦਾ ਨਿਪਟਾਰਾ ਅਦਾਲਤ ਵਿੱਚ ਮੁਕੱਦਮੇ ਦੀ ਜਗ੍ਹਾ ਲੈ ਸਕਦਾ ਹੈ ਜੇ ਇਹ ਅਪਰਾਧੀ ਅਤੇ/ਜਾਂ ਜੁਰਮ ਕਰਨ ਦੀ ਗੰਭੀਰਤਾ ਅਤੇ ਨਤੀਜਿਆਂ ਤੇ ਢੁਕਵੀਂ ਪ੍ਰਤਿਕਿਰਿਆ ਹੈ।

7.2 ਜਦੋਂ ਕਿਸੇ ਸਧਾਰਨ ਚਿਤਾਵਨੀ, ਕਿਸੇ ਸ਼ਰਤ ਅਧੀਨ ਚਿਤਾਵਨੀ, ਕਿਸੇ ਵੀ ਢੁਕਵੀਆਂ ਨਿਯਾਮਕ ਕਾਰਵਾਈਆਂ, ਦੰਡਾਤਮਕ ਜਾਂ ਦੀਵਾਨੀ ਜੁਰਮਾਨੇ, ਜਾਂ ਦੂਜੇ ਨਿਪਟਾਰੇ ਤੇ ਸਲਾਹ ਦੇਣ ਜਾਂ ਇਸ ਵਾਸਤੇ ਅਧਿਕਾਰ ਦੇਣ ਵਾਸਤੇ ਕਿਹਾ ਜਾਵੇ, ਤਾਂ ਪ੍ਰੌਸੀਕਿਊਟਰਾਂ ਨੂੰ ਕਿਸੇ ਵੀ ਸਬੰਧਤ ਸੇਧ ਦੀ ਪਾਲਣਾ ਜ਼ਰੂਰ ਕਰਨੀ ਚਾਹੀਦੀ ਹੈ। ਉਹਨਾਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਅਦਾਲਤ ਤੋਂ ਬਾਹਰ ਦੇ ਵਿਸ਼ੇਸ਼ ਨਿਪਟਾਰੇ ਲਈ ਢੁਕਵੇਂ ਸਬੂਤ ਸਬੰਧੀ ਮਿਆਰ ਨੂੰ ਪੂਰਾ ਕੀਤਾ ਜਾਂਦਾ ਹੈ, ਜਿਸ ਵਿੱਚ, ਜਿੱਥੇ ਲੋੜ ਹੋਵੇ, ਕਸੂਰ ਦਾ ਸਪਸ਼ਟ ਇਕਬਾਲ ਸ਼ਾਮਲ ਹੈ, ਅਤੇ ਅਜਿਹੇ ਨਿਪਟਾਰੇ ਦੇ ਦੁਆਰਾ ਜਨਤਕ ਹਿੱਤ ਸਹੀ ਤਰ੍ਹਾਂ ਨਾਲ ਪੂਰਾ ਹੋ ਜਾਵੇਗਾ।

## ਮੁਕੱਦਮੇ ਦਾ ਤਰੀਕਾ

8.1 ਪ੍ਰੌਸੀਕਿਊਟਰਾਂ ਨੂੰ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਇਸ ਬਾਰੇ ਬੇਨਤੀਆਂ ਕਰਦੇ ਸਮੇਂ ਕਿ ਮੁਦਾਲਾ ਤੇ ਮੁਕੱਦਮਾ ਕਿੱਥੇ ਚਲਾਇਆ ਜਾਣਾ ਚਾਹੀਦਾ ਹੈ, ਸਜ਼ਾ ਦੇਣ ਅਤੇ ਵਿਵਸਥਾ ਬਾਰੇ ਵਰਤਮਾਨ ਸੇਧਾਂ ਨੂੰ ਧਿਆਨ ਵਿੱਚ ਜ਼ਰੂਰ ਰੱਖਣਾ ਚਾਹੀਦਾ ਹੈ।

8.2 ਕਿਸੇ ਕੇਸ ਨੂੰ ਮੈਜਿਸਟ੍ਰੇਟਾਂ ਦੀ ਅਦਾਲਤ ਵਿੱਚ ਰੱਖਣ ਲਈ ਕਹਿਣ ਵਾਸਤੇ ਸਿਰਫ ਰਫਤਾਰ ਹੀ ਇੱਕ-ਮਾਤਰ ਕਾਰਨ ਨਹੀਂ ਹੋਣੀ ਚਾਹੀਦੀ। ਪਰ ਜੇ ਕੇਸ ਕ੍ਰਾਊਨ ਕੋਰਟ ਕੋਲ ਭੇਜਿਆ ਜਾਂਦਾ ਹੈ ਤਾਂ ਪ੍ਰੌਸੀਕਿਊਟਰਾਂ ਨੂੰ ਕਿਸੇ ਵੀ ਸੰਭਾਵੀ ਦੇਰੀ ਦੇ ਪ੍ਰਭਾਵ, ਅਤੇ ਜੇ ਕੇਸ ਵਿੱਚ ਦੇਰ ਹੁੰਦੀ ਹੈ ਤਾਂ ਕਿਸੇ ਵੀ ਪੀੜਤ ਜਾਂ ਗਵਾਹ ਤੇ ਸੰਭਾਵੀ ਅਸਰ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

### ਨੌਜਵਾਨਾਂ ਦੀ ਸ਼ਮੂਲੀਅਤ ਵਾਲੇ ਕੇਸਾਂ ਵਿੱਚ ਮੁਕੱਦਮੇ ਲਈ ਸਥਾਨ

8.3 ਪ੍ਰੌਸੀਕਿਊਟਰਾਂ ਨੂੰ ਇਹ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਜਿੱਥੇ ਵੀ ਸੰਭਵ ਹੋਵੇ, ਨੌਜਵਾਨਾਂ ਤੇ ਨੌਜਵਾਨਾਂ ਦੀ ਅਦਾਲਤ ਵਿੱਚ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ। ਇਹ ਉਹ ਅਦਾਲਤ ਹੁੰਦੀ ਹੈ ਜੋ ਉਹਨਾਂ ਦੀਆਂ ਖਾਸ ਲੋੜਾਂ ਨੂੰ ਪੂਰਾ ਕਰਨ ਲਈ ਬਿਹਤਰੀਨ ਰੂਪ ਵਿੱਚ ਤਿਆਰ ਕੀਤੀ ਹੁੰਦੀ ਹੈ। ਕ੍ਰਾਊਨ ਅਦਾਲਤ ਵਿੱਚ ਕਿਸੇ ਨੌਜਵਾਨ ਦੇ ਮੁਕੱਦਮੇ ਨੂੰ ਸਭ ਤੋਂ ਸੰਗੀਨ ਕੇਸਾਂ ਜਾਂ ਜਿੱਥੇ ਨਿਆਂ ਦੇ ਹਿੱਤ ਲਈ ਕਿਸੇ ਨੌਜਵਾਨ ਤੇ ਸਾਂਝੇ ਤੌਰ ਤੇ ਕਿਸੇ ਬਾਲਗ ਵਿਅਕਤੀ ਦੇ ਨਾਲ ਮੁਕੱਦਮਾ ਚਲਾਏ ਜਾਣ ਦੀ ਲੋੜ ਹੋਵੇ, ਲਈ ਰਾਖਵਾਂ ਰੱਖਣਾ ਚਾਹੀਦਾ ਹੈ।

## ਕਸੂਰ ਮੰਨ ਲੈਣ ਦੀ ਬੇਨਤੀ ਨੂੰ ਸਵੀਕਾਰ ਕਰਨਾ

9.1 ਹੋ ਸਕਦਾ ਹੈ ਕਿ ਮੁਦਾਲੇ ਸਾਰੇ ਨਹੀਂ, ਪਰ ਕੁਝ ਕੁ ਦੋਸ਼ਾਂ ਲਈ ਕਸੂਰ ਮੰਨਣਾ ਚਾਹੁਣ। ਵਿਕਲਪਕ ਤੌਰ ਤੇ, ਉਹ ਸ਼ਾਇਦ ਕਿਸੇ ਵੱਖਰੇ, ਸੰਭਾਵੀ ਤੌਰ ਤੇ ਘੱਟ ਸੰਗੀਨ, ਦੋਸ਼ ਲਈ ਕਸੂਰ ਮੰਨਣਾ ਚਾਹ ਸਕਦੇ ਹਨ ਕਿਉਂਕਿ ਉਹ ਜੁਰਮ ਦਾ ਸਿਰਫ ਕੁਝ ਹਿੱਸਾ ਹੀ ਕਬੂਲ ਕਰ ਰਹੇ ਹਨ।

9.2 ਪ੍ਰੌਸੀਕਿਊਟਰਾਂ ਨੂੰ ਮੁਦਾਲਾ ਦਾ ਕਸੂਰ ਮੰਨਣਾ ਸਿਰਫ ਤਾਂ ਹੀ ਸਵੀਕਾਰ ਕਰਨਾ ਚਾਹੀਦਾ ਹੈ ਜੇ ਉਹਨਾਂ ਨੂੰ ਲਗਦਾ ਹੈ ਕਿ ਅਦਾਲਤ ਅਜਿਹੀ ਸਜ਼ਾ ਸੁਣਾ ਸਕਦੀ ਹੈ ਜੋ ਜੁਰਮ ਦੀ ਸੰਗੀਨਤਾ ਨਾਲ ਮੇਲ ਖਾਂਦੀ ਹੋਵੇ, ਖਾਸ ਕਰਕੇ ਜਿੱਥੇ ਗੰਭੀਰਤਾ ਵਧਾਉਣ ਵਾਲੀਆਂ ਵਿਸ਼ੇਸ਼ਤਾਵਾਂ ਹੋਣ। ਪ੍ਰੌਸੀਕਿਊਟਰਾਂ ਨੂੰ ਕਦੇ ਵੀ ਕਸੂਰ ਮੰਨਣਾ ਸਿਰਫ ਇਸ ਕਰਕੇ ਹੀ ਸਵੀਕਾਰ ਨਹੀਂ ਕਰਨਾ ਚਾਹੀਦਾ ਕਿਉਂਕਿ ਇਹ ਸੁਵਿਧਾਜਨਕ ਹੈ।

9.3 ਇਹ ਵਿਚਾਰ ਕਰਦੇ ਸਮੇਂ ਕਿ ਕੀ ਪੇਸ਼ ਕੀਤੀਆਂ ਦਲੀਲਾਂ ਸਵੀਕਾਰ ਕਰਨ ਯੋਗ ਹਨ, ਪ੍ਰੌਸੀਕਿਊਟਰਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਫੈਸਲਾ ਕਰਦੇ ਸਮੇਂ ਕਿ ਕੀ ਦਲੀਲ ਨੂੰ ਸਵੀਕਾਰ ਕਰਨਾ ਜਨਤਕ ਹਿੱਤ ਵਿੱਚ ਹੈ, ਪੀੜਤ ਦੇ ਹਿੱਤਾਂ ਅਤੇ, ਜਿੱਥੇ ਸੰਭਵ ਹੋਵੇ, ਪੀੜਤ ਦੇ ਵਿਚਾਰਾਂ, ਜਾਂ ਢੁਕਵੇਂ ਕੇਸਾਂ ਵਿੱਚ ਪੀੜਤ ਦੇ ਪਰਿਵਾਰ ਦੇ ਵਿਚਾਰਾਂ ਨੂੰ ਧਿਆਨ ਹਿੱਤ ਰੱਖਣਾ ਚਾਹੀਦਾ ਹੈ। ਪਰ, ਫੈਸਲਾ ਕਰਨ ਦਾ ਦਾਰੋਮਦਾਰ ਪ੍ਰੌਸੀਕਿਊਟਰ ਤੇ ਹੁੰਦਾ ਹੈ।

9.4 ਅਦਾਲਤ ਨੂੰ ਇਹ ਜ਼ਰੂਰ ਸਪਸ਼ਟ ਕੀਤਾ ਜਾਣਾ ਚਾਹੀਦਾ ਹੈ ਕਿ ਕਿਸੇ ਦਲੀਲ ਨੂੰ ਕਿਸ ਅਧਾਰ ਤੇ ਅੱਗੇ ਵਧਾਇਆ ਅਤੇ ਸਵੀਕਾਰ ਕੀਤਾ ਜਾਂਦਾ ਹੈ। ਅਜਿਹੇ ਕੇਸਾਂ ਵਿੱਚ ਜਿੱਥੇ ਕੋਈ ਮੁਦਾਲਾ ਦੋਸ਼ਾਂ ਲਈ ਕਸੂਰ ਮੰਨਦਾ ਹੈ ਪਰ ਉਹਨਾਂ ਤੱਥਾਂ ਦੇ ਅਧਾਰ ਤੇ ਜੋ ਮੁਕੱਦਮੇ ਵਾਲੇ ਕੇਸ ਤੋਂ ਵੱਖਰੇ ਹਨ, ਅਤੇ ਜਿੱਥੇ ਇਸ ਨਾਲ ਸ਼ਾਇਦ ਸਜ਼ਾ ਤੇ ਵੱਡਾ ਅਸਰ ਪੈ ਸਕਦਾ ਹੋਵੇ, ਤਾਂ ਅਦਾਲਤ ਨੂੰ ਗਵਾਹੀ ਸੁਣਨ ਲਈ ਸੱਦਿਆ ਜਾਣਾ ਚਾਹੀਦਾ ਹੈ ਤਾਂ ਜੋ ਇਹ ਨਿਰਧਾਰਤ ਕੀਤਾ ਜਾ ਸਕੇ ਕਿ ਕੀ ਵਾਪਰਿਆ ਸੀ, ਅਤੇ ਉਸ ਅਧਾਰ ਤੇ ਸਜ਼ਾ ਨਿਰਧਾਰਤ ਕੀਤੀ ਜਾ ਸਕੇ।

9.5 ਜਿੱਥੇ ਕਿਸੇ ਮੁਦਾਲਾ ਨੇ ਪਹਿਲਾਂ ਇਹ ਦਰਸਾਇਆ ਹੋਵੇ ਉਹ ਅਦਾਲਤ ਨੂੰ ਸਜ਼ਾ ਸੁਣਾਉਣ ਸਮੇਂ ਜੁਰਮ ਨੂੰ ਧਿਆਨ ਵਿੱਚ ਰੱਖਣ ਲਈ ਕਹੇਗਾ ਜਾਂ ਕਹੇਗੀ, ਪਰ ਫੇਰ ਅਦਾਲਤ ਵਿੱਚ ਉਹ ਉਸ ਜੁਰਮ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੰਦਾ ਜਾਂ ਦਿੰਦੀ ਹੈ, ਤਾਂ ਪ੍ਰੌਸੀਕਿਊਸ਼ਨ ਧਿਰ ਇਸ ਗੱਲ ਤੇ ਵਿਚਾਰ ਕਰੇਗੀ ਕਿ ਕੀ ਉਸ ਜੁਰਮ ਲਈ ਕਿਸੇ ਮੁਕੱਦਮੇ ਦੀ ਲੋੜ ਹੈ ਜਾਂ ਨਹੀਂ। ਜਿੱਥੇ ਸੰਭਵ ਹੋਵੇ ਪੁਲਿਸ ਜਾਂ ਦੂਜੇ ਤਫ਼ਤੀਸ਼ਕਾਰਾਂ ਦੇ ਨਾਲ ਵਿਚਾਰ-ਵਟਾਂਦਰੇ ਵਿੱਚ, ਪ੍ਰੌਸੀਕਿਊਟਰਾਂ ਨੂੰ ਬਚਾਅ ਪੱਖ ਦੇ ਵਕੀਲ ਅਤੇ

ਅਦਾਲਤ ਨੂੰ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਉਸ ਜੁਰਮ ਦੀ ਸ਼ਾਇਦ ਅੱਗੇ ਹੋਰ ਸਮੀਖਿਆ ਕੀਤੀ ਜਾ ਸਕਦੀ ਹੈ।

9.6 ਉਹਨਾਂ ਦਲੀਲਾਂ ਤੇ ਵਿਚਾਰ ਕਰਦੇ ਸਮੇਂ ਖਾਸ ਧਿਆਨ ਦੇਣਾ ਜ਼ਰੂਰੀ ਹੁੰਦਾ ਹੈ ਜੋ ਮੁਦਾਲਾ ਨੂੰ ਕਿਸੇ ਜ਼ਰੂਰੀ ਘੱਟੋ-ਘੱਟ ਸਜ਼ਾ ਦਿੱਤੇ ਜਾਣ ਤੋਂ ਬਚਣ ਯੋਗ ਬਣਾਉਣਗੀਆਂ। ਜਦੋਂ ਦਲੀਲਾਂ ਪੇਸ਼ ਕੀਤੀਆਂ ਜਾਂਦੀਆਂ ਹਨ, ਤਾਂ ਪ੍ਰੌਸੀਕਿਊਟਰਾਂ ਨੂੰ ਇਹ ਤੱਥ ਵੀ ਜ਼ਰੂਰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਕੁਝ ਜੁਰਮਾਂ ਲਈ ਸਹਾਇਕ ਆਦੇਸ਼ ਦਿੱਤੇ ਜਾ ਸਕਦੇ ਹਨ ਪਰ ਹੋਰਨਾਂ ਲਈ ਨਹੀਂ।

# ਮੁਕੱਦਮਾ ਚਲਾਉਣ ਦੇ ਕਿਸੇ ਫੈਸਲੇ ਤੇ ਮੁੜ ਵਿਚਾਰ ਕਰਨਾ

10.1 ਲੋਕਾਂ ਨੂੰ CPS ਦੁਆਰਾ ਲਏ ਗਏ ਫੈਸਲਿਆਂ ਤੇ ਨਿਰਭਰ ਕਰ ਸਕਣਾ ਚਾਹੀਦਾ ਹੈ। ਆਮ ਤੌਰ ਤੇ, ਜੇ CPS ਕਿਸੇ ਸ਼ੱਕੀ ਵਿਅਕਤੀ ਜਾਂ ਮੁਦਾਲਾ ਨੂੰ ਇਹ ਦੱਸਦੀ ਹੈ ਕਿ ਕੋਈ ਮੁਕੱਦਮਾ ਨਹੀਂ ਹੋਵੇਗਾ, ਜਾਂ ਇਹ ਕਿ ਮੁਕੱਦਮਾ ਰੋਕ ਦਿੱਤਾ ਗਿਆ ਹੈ, ਤਾਂ ਕੇਸ ਦੁਬਾਰਾ ਸ਼ੁਰੂ ਨਹੀਂ ਹੋਵੇਗਾ। ਪਰ ਕਦੇ-ਕਦਾਈਂ ਅਜਿਹੇ ਕਾਰਨ ਹੁੰਦੇ ਹਨ ਕਿ CPS ਮੁਕੱਦਮਾ ਨਾ ਚਲਾਉਣ ਦੇ ਫੈਸਲੇ ਨੂੰ ਕਿਉਂ ਉਲਟਾਏਗੀ ਜਾਂ ਅਦਾਲਤ ਤੋਂ ਬਾਹਰ ਨਿਪਟਾਰਾ ਕਰਨ ਦੇ ਢੰਗ ਨਾਲ ਕੇਸ ਨਾਲ ਨਜਿੱਠੇਗੀ ਜਾਂ ਇਹ ਮੁਕੱਦਮਾ ਕਦੋਂ ਦੁਬਾਰਾ ਸ਼ੁਰੂ ਕਰੇਗੀ, ਖਾਸ ਕਰਕੇ ਜੇ ਕੇਸ ਸੰਗੀਨ ਹੋਵੇ।

10.2 ਇਹਨਾਂ ਕਾਰਨਾਂ ਵਿੱਚ ਸ਼ਾਮਲ ਹਨ:

a) ਅਜਿਹੇ ਕੇਸ ਜਿੱਥੇ ਅਸਲ ਫੈਸਲੇ ਤੇ ਇੱਕ ਨਵੀਂ ਝਾਤ ਇਹ ਦਿਖਾਉਂਦੀ ਹੈ ਕਿ ਇਹ ਗਲਤ ਸੀ ਅਤੇ, ਅਪਰਾਧਿਕ ਨਿਆਂ ਪ੍ਰਣਾਲੀ ਵਿੱਚ ਇਤਬਾਰ ਬਣਾਈ ਰੱਖਣ ਲਈ, ਪਹਿਲੇ ਫੈਸਲੇ ਦੇ ਬਾਵਜੂਦ ਮੁਕੱਦਮਾ ਚਲਾਇਆ ਜਾਣਾ ਚਾਹੀਦਾ ਹੈ;

b) ਅਜਿਹੇ ਕੇਸ ਜੋ ਇਸ ਕਰਕੇ ਰੋਕ ਦਿੱਤੇ ਜਾਂਦੇ ਹਨ ਤਾਂ ਜੋ ਵਧੇਰੇ ਸਬੂਤ ਜਿਸਦੇ ਉਚਿਤ ਰੂਪ ਵਿੱਚ ਨੇੜਲੇ ਭਵਿੱਖ ਵਿੱਚ ਉਪਲਬਧ ਹੋਣ ਦੀ ਸੰਭਾਵਨਾ ਹੁੰਦੀ ਹੈ ਇਕੱਠੇ ਕੀਤੇ ਅਤੇ ਤਿਆਰ ਕੀਤੇ ਜਾ ਸਕਣ। ਇਹਨਾਂ ਕੇਸਾਂ ਵਿੱਚ, ਪ੍ਰੌਸੀਕਿਊਟਰ ਮੁਦਾਲਾ ਨੂੰ ਇਹ ਦੱਸੇਗਾ ਕਿ ਮੁਕੱਦਮਾ ਸ਼ਾਇਦ ਦੁਬਾਰਾ ਸ਼ੁਰੂ ਹੋ ਸਕਦਾ ਹੈ;

c) ਅਜਿਹੇ ਕੇਸ ਜਿਹੜੇ ਸਬੂਤ ਦੀ ਕਮੀ ਹੋਣ ਕਾਰਨ ਰੋਕ ਦਿੱਤੇ ਜਾਂਦੇ ਹਨ ਪਰ ਜਿੱਥੇ ਬਾਅਦ ਵਿੱਚ ਵਧੇਰੇ ਮਹੱਤਵਪੂਰਨ ਸਬੂਤ ਦਾ ਪਤਾ ਲਗਦਾ ਹੈ; ਅਤੇ

d) ਮੌਤ ਵਾਲੇ ਕੇਸ ਜਿਨ੍ਹਾਂ ਵਿੱਚ ਕਿਸੇ ਮੌਤ ਦੀ ਜਾਂਚ-ਪੜਤਾਲ ਦੀਆਂ ਲੱਭਤਾਂ ਤੋਂ ਬਾਅਦ ਹੋਈ ਸਮੀਖਿਆ ਵਿੱਚ ਇਹ ਨਤੀਜਾ ਨਿਕਲਦਾ ਹੈ ਕਿ ਮੁਕੱਦਮਾ ਨਾ ਚਲਾਏ ਜਾਣ ਦੇ ਕਿਸੇ ਵੀ ਪਹਿਲੇ ਫੈਸਲੇ ਦੇ ਬਾਵਜੂਦ, ਮੁਕੱਦਮਾ ਪੇਸ਼ ਕੀਤਾ ਜਾਣਾ ਚਾਹੀਦਾ ਹੈ।

ਇਹ ਦਸਤਾਵੇਜ਼ ਸਾਡੀ ਵੈਬਸਾਈਟ ਤੋਂ ਇਲੈਕਟ੍ਰੋਨਿਕ ਰੂਪ ਵਿੱਚ ਮਿਲ ਸਕਦਾ ਹੈ: www.cps.gov.uk

ਕ੍ਰਾਊਨ ਪ੍ਰੌਸੀਕਿਊਟਰਾਂ ਲਈ ਨਿਯਮਾਵਲੀ ਦੀਆਂ ਹੋਰ ਕਾਪੀਆਂ ਅਤੇ ਵਿਕਪਲਕ ਭਾਸ਼ਾਵਾਂ ਅਤੇ ਫਾਰਮੈਟਾਂ ਬਾਰੇ ਜਾਣਕਾਰੀ CPS ਤੋਂ ਉਪਲਬਧ ਹੈ।

ਕਿਰਪਾ ਕਰਕੇ publicity.branch@cps.gsi.gov.uk ਤੇ ਜਾਂ ਡਾਕ ਰਾਹੀਂ ਇਸ ਪਤੇ ਤੇ ਸੰਪਰਕ ਕਰੋ:

CPS Communication Division
Rose Court
2 Southwark Bridge
London, SE1 9HS

The Code for Crown Prosecutors
7th Edition, January 2013
© Crown Copyright